ੴ

ਮਾਸਕ ਪੱਤਰ

# ਸੂਰਾ

ਅੰਮ੍ਰਿਤਸਰ

ਰੰਗ-ਰਤੜੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ



www.AKJ.Org

ਡੀ. ਪੀ. ਆਈ ਪੰਜਾਬ ਵਲੋਂ ਚਿਠੀ ਨੰਬਰ ੧/੭੦-੬੮-੨੧ ਮਿਤੀ (੧੭-੧੦-੬੮ ਅ. ਪ. ਅਨੁਸਾਰ)
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ ।

# ਤ ਤ ਕ ਰਾ


| | | |
|---|---|---|
| ਸਹਜੈ ਨੋ ਸਭ ਲੋਚਦੀ (ਵਿਆਖਿਆ) | ਭਾਈ ਸਾਹਿਬ ਰਣਧੀਰ ਸਿੰਘ ਜੀ | ੩ |
| ਜਿੰਦ ਭਾਲਦੀ ਏ ਥਾਂ ਕੋਈ (ਕਵਿਤਾ) | ਸ: ਬਲਵੰਤ ਸਿੰਘ ਜੀ ਨੂਰ | ੬ |
| ਵਾਪਸੀ ਦੇ ਵਿਸਵਿਸੇ | ਪ੍ਰਿੰਸੀਪਲ ਸੁਜਾਨ ਸਿੰਘ ਜੀ | ੭ |
| ਕਲਿਜੁਗ ਕੀ ਸੁਣ ਸਾਧਨਾ (੨) | ਪ੍ਰਿਸੀਪਲ ਗੁਰਮੁਖ ਸਿੰਘ ਜੀ | ੧੦ |
| ਸਿਖੀ ਦਾ ਚਿਰਾਗ ਰੋਸ਼ਨ ਰਹੇ | ਸ: ਅਮਰ ਸਿੰਘ ਜੀ ਦੁਸਾਂਝ | ੧੬ |
| ''ਗ੍ਰੰਥ ਗੁਰੂ ਵਿਚਾਰ'' ਕਿਤਾਬ ਬਾਰੇ | ਸ: ਹੁਕਮ ਸਿੰਘ ਜੀ | ੧੮ |
| ਅਬਦਾਲੀ, ਸਿਖ ਤੇ ਵੱਡਾ ਘਲੂਘਾਰਾ (੧੧) | ਕੈਪਟਨ ਸਵਰਨ ਸਿੰਘ ਜੀ | ੨੫ |
| ਸੋਮਨਾਥ ਦੇ ਦਰਵਾਜ਼ੇ | ਸ: ਲਖਵਿੰਦਰ ਸਿੰਘ ਜੀ ਯੂ. ਕੇ. | ੩੦ |
| ਬੁੱਕਲ ਦੇ ਸੱਪ | ਸ: ਮਦਨ ਸਿੰਘ ਜੀ ਯੂ. ਕੇ. | ੩੨ |
| ਨਾਰੰਗਵਾਲ ਦੇ ਕਲਾ-ਕ੍ਰਿਸ਼ਮੀ ਸਮਾਗਮਾਂ ਦੀਆਂ ਮਿਠੀਆਂ ਯਾਦਾਂ | ''ਸੂਰਾ'' ਪਰਵਾਰ | ੩੪ |
| ਜੀਵਨ-ਕਥਾ ਗੁਰੂ ਅਮਰਦਾਸ ਜੀ (੪) | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ | ੪੦ |


## ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਅਵਤਾਰ ਧਾਰਿਆ ੭ ਜੁਲਾਈ

## ਸ਼ਹੀਦਾਂ ਦੀ ਯਾਦ ਵਿਚ ਫਿਰੋਜ਼ਪੁਰ ਵਿਖੇ ਗੁਰਮਤਿ ਸਮਾਗਮ

ਅਖੰਡ ਕੀਰਤਨੀ ਜਥਾ ਫਿਰੋਜ਼ਪੁਰ ਵਲੋਂ ਮਾਲਵਾਂ ਖਾ: ਹਾ: ਸੈਕੰਡਰੀ ਸਕੂਲ, ਨੇੜੇ ਬੁੱਤ ਸ਼ਹੀਦ ਊਧਮ ਸਿੰਘ ਫਿਰੋਜ਼ਪੁਰ ਸ਼ਹਿਰ ਵਿਖੇ ੧੨ ਜੁਲਾਈ ਸਵੇਰ ਤੋਂ ੧੫ ਜੁਲਾਈ ਸਵੇਰ ਤਕ ਪ੍ਰੋਗਰਾਮ ਹੋ ਰਹੇ ਹਨ । ੧੨ ਜੁਲਾਈ ਨੂੰ ਸ੍ਰੀ ਅਖੰਡਪਾਠ ਰਖੇ ਜਾਣਗੇ, ੧੪ ਸ਼ਾਮ ਨੂੰ ਅੰਮ੍ਰਿਤ ਸਿੰਚਾਰ ਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ । ਰਸਭਿੰਨੜੇ ਕੀਰਤਨਾਂ ਵਿਚ ਦੂਰੋਂ ਨੇੜਿਓਂ ਕੀਰਤਨੀਏ ਵੀਰ ਭੈਣਾਂ ਪੁਜ ਰਹੇ ਹਨ ।

ਦਾਸਰਾ—ਬਲਵੰਤ ਸਿੰਘ ਖਾਲਸਾ, 2/39-ਬੀ, ਕਾਸ਼ੀ ਨਗਰੀ, ਫਿਰੋਜ਼ਪੁਰ ਸ਼ਹਿਰ

## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | |
|---|---|---|
| ਸ: ਨੱਥਾ ਸਿੰਘ ਜੀ ਮੈਨਪੁਰੀ | ਭਾ: ਇੰਦਰ ਸਿੰਘ ਜੀ ਦੇ ਅੰਤਮ ਭੋਗ ਸਮੇਂ | 11-00 |
| ਸ: ਪ੍ਰੀਤਮ ਸਿੰਘ ਐਂਡ ਬ੍ਰਦਰਜ਼ ਲਖਨਊ | ਪਿਤਾ ਸ: ਹਰੀ ਸਿੰਘ ਜੀ ਦੇ ਅੰਤਮ ਭੋਗ ਸਮੇਂ | 10-00 |
| ਸ: ਮਸਤਾ ਸਿੰਘ ਜੀ ਡਰਬੀ ਯੂ.ਕੇ. | | 165-20 |
| ਸ: ਕੁਲਦੀਪ ਸਿੰਘ ਜੀ ਖਾਲਸਾ ਲੇਹ-ਲਦਾਖ | ਭੁਜੰਗੀ ਹਰਿਪ੍ਰੀਤ ਸਿੰਘ ਦੇ ਅੰਮ੍ਰਿਤ ਛਕਣ ਦੀ ਖੁਸ਼ੀ ਵਿਚ | 5-00 |
| ਸ: ਗੁਰਮੀਤ ਸਿੰਘ ਜੀ ਊਧਮ ਪੁਰ | ਪਿਤਾ ਜੀ ਦੀ ਬਰਸੀ ਸਮੇਂ | 5-00 |

ਵਾਹਿਗੁਰੂ ਸਭ ਨੂੰ ਸਿਖੀ ਸਿਦਕ ਤੇ ਭਰੋਸਾ ਬਖਸ਼ਣ ।

ਹੇਮਕੁੰਡ ਪ੍ਰਿੰਟਿੰਗ ਪ੍ਰੈਸ, ਬਜ਼ਾਰ ਨੰ: ੬,ਕੋਟ ਬਾਬਾ ਦੀਪ ਸਿੰਘ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ ਅੰਮ੍ਰਿਤਸਰ ਤੋਂ ੩੦.੬. ੭੯ ਨੂੰ ਪ੍ਰਕਾਸ਼ਤ ਕੀਤਾ।
ਟੈਲੀਫੋਨ ਨੰਬਰ 5 1 8 4 7

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ੴ ਵਾਹਿਗੁਰੂ ਜੀ ਕੀ ਫਤਹਿ ॥

# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ

ਸਲਾਨਾ ਚੰਦਾ ੧੦-੦੦
ਇਕ ਪਰਚਾ ੧-੦੦

ਪਰਦੇਸ

ਸਮੁੰਦਰੀ ਡਾਕ ੧੮-੫੦

ਹਵਾਈ ਡਾਕ

ਅਰਬ, ਮਲਾਇਆ ੩੫-੦੦
ਯੂ. ਕੇ, ਅਫਰੀਕਾ ੫੦-੦੦
ਕੈਨੇਡਾ, ਅਮਰੀਕਾ ੫੫-੦੦

ਸੰਪਾਦਕੀ ਬੋਰਡ

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰੋ: ਗੁਰਮੁਖ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ

ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੧੩ | ਜੁਲਾਈ ੧੯੭੯ | ਅੰਕ ੭

## ਸਹਜੈ ਨੋ ਸਭ ਲੋਚਦੀ

[ਵਿਆਖਿਆ ਵਲੋਂ—ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਸਿਰੀ ਰਾਗ ਮਹਲਾ ੩

ਸਹਜੈ ਨੋ ਸਭ ਲੋਚਦੀ ਬਿਨੁ ਗੁਰ ਪਾਇਆ ਨ ਜਾਇ ॥ ਪੜਿ ਪੜਿ ਪੰਡਿਤ ਜੋਤਕੀ ਥਕੇ ਭੇਖੀ ਭਰਮਿ ਭੁਲਾਇ ॥ ਗੁਰ ਭੇਟੇ ਸਹਜੁ ਪਾਇਆ ਆਪਣੀ ਕਿਰਪਾ ਕਰੇ ਰਜਾਇ ॥੧॥ ਭਾਈ ਰੇ ਗੁਰ ਬਿਨੁ ਸਹਜੁ ਨ ਹੋਇ ॥ ਸਬਦੈ ਹੀ ਤੇ ਸਹਜੁ ਊਪਜੈ ਹਰਿ ਪਾਇਆ ਸਚੁ ਸੋਇ ॥੧॥ਰਹਾਉ॥ ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ ॥ ਸਹਜੇ ਹੀ ਭਗਤਿ ਊਪਜੈ ਸਹਜਿ ਪਿਆਰਿ ਬੈਰਾਗਿ ॥ ਸਹਜੇ ਹੀ ਤੇ ਸੁਖ ਸਾਤਿ ਹੋਇ ਬਿਨੁ ਸਹਜੈ ਜੀਵਣੁ ਬਾਦਿ ॥੨॥ ਸਹਜਿ ਸਾਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ ॥ ਸਹਜੇ ਹੀ ਗੁਣ ਊਚਰੈ ਭਗਤਿ ਕਰੇ ਲਿਵ ਲਾਇ ॥ ਸਬਦੇ ਹੀ ਹਰਿ ਮਨਿ ਵਸੈ ਰਸਨਾ ਹਰਿ ਰਸੁ ਖਾਇ ॥੩॥ ਸਹਜੇ ਕਾਲੁ ਵਿਡਾਰਿਆ ਸਚ ਸਰਣਾਈ ਪਾਇ ॥ ਸਹਜੇ ਹਰਿ ਨਾਮੁ ਮਨਿ ਵਸਿਆ ਸਚੀ ਕਾਰ ਕਮਾਇ ॥ ਸੇ ਵਡਭਾਗੀ ਜਿਨੀ ਪਾਇਆ ਸਹਜੇ ਰਹੇ ਸਮਾਇ ॥੪॥ ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ ॥ ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ ॥ ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ ॥੫॥ ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥ ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ

www.AKJ.Org

ਜਾਇ ॥ ਚਉਥੈ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥੬॥ ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ ॥ ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ ॥ ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ ॥੭॥ ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ ॥ ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ ॥ ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ ॥੮॥ ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ ॥ ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣਹਾਰੁ ॥ ਪੂਰੈ ਸਬਦਿ ਸਾਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ ॥੯॥ ਗਿਆਨੀਆਂ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ ॥ ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ ॥ ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ ॥੧੦॥੬॥੨੩। (ਪੰਨਾ ੬੮-੬੯)

**ਇਸ ਗੁਰਵਾਕ ਦੀ ਤੱਤ ਵੀਚਾਰ ਵਿਆਖਿਆ :–**

ਤੁਰੀਆ ਅਵਸਥਾ ਤ੍ਰੈ ਗੁਣਾਂ ਤੋਂ ਅਪਰੰਪਰ ਜੋ ਸਹਿਜ ਪਦ ਹੈ ਉਸ ਨੂੰ ਲੋਚਦੀ ਤਾਂ ਸਭ ਲੋਕਾਈ ਹੈ, ਪਰ ਇਹ ਸਹਿਜ ਪਦ ਸਤਿਗੁਰੂ ਬਿਨਾਂ ਕਿਸੇ ਤੋਂ ਨਹੀਂ ਪਾਇਆ ਜਾਂਦਾ। ਜਿਨ੍ਹਾਂ ਗੁਰਮੁਖ ਜਨਾਂ ਨੇ ਸਤਿਗੁਰ ਧਾਰਨ ਕੀਤਾ ਹੈ, ਅਰਥਾਤ ਸਤਿਗੁਰੂ ਤੋਂ ਪੰਜਾਂ ਪਿਆਰਿਆਂ ਦੁਆਰਾ ਅੰਮ੍ਰਿਤ ਛਕ ਕੇ ਅਤੇ ਗੁਰ-ਦੀਖਿਆ ਲੈ ਕੇ ਜੋ ਜਨ ਸਗੁਰੇ ਹੋਏ ਹਨ, ਤਿਨ੍ਹਾਂ ਨੂੰ ਹੀ ਸਹਿਜ-ਪਦ ਦੀ ਪ੍ਰਾਪਤੀ ਹੁੰਦੀ ਹੈ। ਨਿਗੁਰੇ ਗੁਣ-ਹੀਨ, ਗੁਰਮਤਿ-ਹੀਨ ਮਨਮੁਖ ਪ੍ਰਾਣੀਆਂ ਨੂੰ ਕਦਾਚਿਤ ਇਸ ਸਹਿਜ ਪਦ ਦੀ ਪ੍ਰਾਪਤੀ ਨਹੀਂ ਹੋ ਸਕਦੀ। ਬੜੇ ਬੜੇ ਪੰਡਿਤ ਜੋਤਸ਼ੀ ਆਦਿਕ ਤ੍ਰੈਗੁਣੀ ਬੇਦ-ਬਿਦਿਆ ਪੜ੍ਹ ਪੜ੍ਹ ਕੇ ਹੰਭ ਚੁਕੇ ਹਨ, ਪ੍ਰੰਤੂ ਉਹ ਅਗਿਆਨ ਭਰਮ ਦੇ ਭੇਖ ਵਿਚ ਹੀ ਭੁਲੇ ਫਿਰਦੇ ਰਹੇ ਹਨ ਤੇ ਸਾਰੀ ਉਮਰ ਭੇਖੀ ਹੀ ਬਣੇ ਰਹੇ ਹਨ। ਉਹਨਾਂ ਨੂੰ ਸਹਿਜ ਪਦ ਦੀ ਪ੍ਰਾਪਤੀ ਨਹੀਂ ਹੋਈ, ਪਰ ਨਹੀਂ ਹੋਈ। ਸਤਿਗੁਰ ਭੇਟਿਆਂ ਹੀ ਸਹਿਜ ਪਦ ਪ੍ਰਾਪਤਿ ਹੋ ਸਕਦਾ ਹੈ। ਇਹ ਮਰਤਬਾ ਸਹਿਜ ਪਦ-ਪ੍ਰਾਪਤੀ ਦਾ ਤਿਸੇ ਗੁਰਮੁਖ ਜਨ ਨੂੰ ਹੀ ਪ੍ਰਾਪਤਿ ਹੋ ਸਕਦਾ ਹੈ, ਜਿਸ ਦੇ ਉਪਰ ਨਦਰੀ ਨਦਰਿ ਨਿਹਾਲ ਹੋ ਕੇ ਆਪਣੀ ਨਦਰ ਰਜ਼ਾ ਅੰਦਰ ਆਪਣੀ ਕਿਰਪਾ ਆਪਿ ਕਰਦਾ ਹੈ। ਗੁਰ ਸੱਚੇ ਪਾਤਸ਼ਾਹ ਇਸ ਗੁਰਵਾਕ ਦੀ ਅਸਥਾਈ ਅੰਦਰ ਭੇਦ ਦ੍ਰਿੜ੍ਹਾਉਂਦੇ ਹਨ ਕਿ ਹੇ ਭਾਈ ਜਨੋ, ਸਤਿਗੁਰੂ ਬਿਨਾਂ ਇਹ ਤੁਰੀਆ ਰੂਪੀ ਸਹਿਜ ਪਦ ਨਹੀਂ ਮਿਲਦਾ, ਪਰ ਨਹੀਂ ਮਿਲਦਾ। ਜਿਸ ਵਡਭਾਗੇ ਗੁਰਮੁਖ ਜਨ ਨੇ ਗੁਰੂ ਪਾਸੋਂ ਸ਼ਬਦ-ਦੀਖਿਆ ਲਈ ਹੈ ਤਿਸੈ ਨੂੰ ਇਸ ਸ਼ਬਦ-ਦੀਖਿਆ ਗੁਰ-ਮੰਤ੍ਰ ਦੀ ਅਭਿਆਸ ਕਮਾਈ ਦੁਆਰਾ ਹੀ ਸਹਿਜ ਉਪਜਦਾ ਹੈ। ਇਸ ਤੁਰੀਆ ਗੁਣੀ ਸਹਿਜ ਪਦ ਦੀ ਪ੍ਰਾਪਤੀ ਵਾਲੇ ਗੁਰਮੁਖ ਜਨ ਗੁਰਬਾਣੀ ਰੂਪੀ ਗੁਣ ਗਾਉਂਦੇ ਹਨ ਤੇ ਤਿਨ੍ਹਾਂ ਦਾ ਗੁਣ ਗਾਵਣਾ ਹੀ ਥਾਂ ਪੈਂਦਾ ਹੈ। ਸਹਿਜ ਪਦ ਬਿਨਾਂ ਹੋਰ ਕਥਨੀ ਬਦਨੀ ਵਾਲੀ ਕਥਾਗਣਾਂ ਦੀ ਕਥਾ ਬਾਦ ਹੀ ਹੈ, ਕਿਸੇ ਲੇਖੇ ਨਹੀਂ। ਨਿਰਗੁਣੀ ਗੁਣ, ਗੁਰਬਾਣੀ ਦੇ ਗਾਵਣਹਾਰਿਆਂ ਨੂੰ ਹੀ ਸੱਚੀ ਭਗਤੀ, ਗੁਰਮਤਿ ਭਾਵ ਵਾਲੀ ਭਗਤੀ, ਸਹਿਜ ਪਦ ਵਾਲੀ ਭਗਤੀ ਉਪਜਦੀ ਹੈ। ਅਤੇ ਇਸ ਸਹਿਜ ਬਿਵਸਥਾ ਕਰਕੇ ਹੀ ਸੱਚੇ ਪਰਮਾਰਥੀ-ਪ੍ਰੇਮ-ਪਿਆਰ ਵਿਚ ਲੀਨ ਹੋਈਦਾ ਹੈ। ਇਸ ਸਹਿਜ ਪਦ ਕਰਕੇ ਹੀ ਸੱਚਾ ਪਰਮਾਰਥੀ ਸੁਖ ਮਿਲਦਾ ਹੈ ਅਤੇ ਸੱਚੀ ਪਰਮਾਰਥੀ ਸ਼ਾਂਤੀ ਮਿਲਦੀ ਹੈ। ਇਸ ਸਹਿਜ ਪਦ ਬਿਨ ਸਾਰਾ ਇਨਸਾਨੀ ਜੀਵਨ ਹੀ ਬਾਦ (ਫ਼ਜ਼ੂਲ) ਹੈ। 'ਸਹਿਜ ਬਿਵਸਥਾ' ਸੱਚੀ ਸਿਫ਼ਤ ਸਲਾਹ ਸਦਾ ਸਦਾ ਦੇ ਸੁਆਸੀ ਸਾਸ ਗਿਰਾਸੀ ਸਿਮਰਨ ਵਿਚ ਪ੍ਰਾਪਤਿ ਹੁੰਦੀ ਹੈ, ਇਥੇ ਜਾ ਕੇ ਸਹਿਜ ਸਮਾਧੀ ਲਗਦੀ ਹੈ। ਸਹਿਜ ਸਮਾਧੀ ਵਿਚ ਸਥਿਤ ਹੋ ਕੇ ਜੋ ਗੁਰਬਾਣੀ ਰੂਪੀ ਗੁਣ ਗਾਏ ਉਚਾਰੇ ਜਾਂਦੇ ਹਨ ਉਹੀ ਸੱਚੀ ਭਗਤੀ ਹੈ। ਇਸ ਬਿਧਿ ਭਗਤੀ ਕੀਤਿਆਂ ਹੀ ਲਿਵ ਲਗਦੀ ਹੈ। 'ਵਾਹਿਗੁਰੂ' ਸ਼ਬਦ ਦੀ ਇਸ ਬਿਧਿ ਅਭਿਆਸ ਕਮਾਈ ਕੀਤਿਆਂ ਹੀ ਵਾਹਿਗੁਰੂ ਨਿਰੰਕਾਰ



www.AKJ.Org

ਮਨ ਵਿਚ ਵਸਦਾ ਹੈ ਅਤੇ ਰਸਨਾ ਅੰਮ੍ਰਿਤ ਰੂਪੀ ਵਾਹਿਗੁਰੂ ਰਸ ਖਾ ਖਾ ਕੇ ਰੱਜਦੀ ਹੈ (ਅਘਾਈ ਜਾਂਦੀ ਹੈ)। ਸਤਿਗੁਰੂ ਦੀ ਸੱਚੀ ਸ਼ਰਣਾਈ ਪਇਆਂ ਅਤੇ ਸਹਿਜ ਰਸ ਪ੍ਰਾਪਤਿ ਹੋਇਆਂ ਕਾਲ ਕੰਟਕ ਮਾਰਿ ਵਿਡਾਰਿਆ ਜਾਂਦਾ ਹੈ। ਗੁਰਮਤਿ ਨਾਮ ਅਭਿਆਸ ਕਮਾਈ ਦੀ ਸੱਚੀ ਕਾਰ ਕਮਾਉਂਦਿਆਂ ਵਾਹਿਗੁਰੂ ਨਾਮ ਹਿਰਦੇ ਅੰਦਰ ਵਸਣ ਰਸਣ ਕਰਕੇ ਸਹਿਜ ਪਦ ਸਹਿਜੇ ਹੀ ਪ੍ਰਾਪਤਿ ਹੋ ਜਾਂਦਾ ਹੈ। ਸੋ ਗੁਰਮੁਖ ਜਨ ਵਡੇ ਹੀ ਵਡਭਾਗੀ ਹਨ ਜਿਨ੍ਹਾਂ ਨੇ ਇਸ ਸਹਿਜ ਪਦ ਦੁਆਰਾ ਵਾਹਿਗੁਰੂ ਨੂੰ ਪਾਇਆ ਹੈ। ਸਹਿਜ ਵਿਚ ਹੀ ਸਮਾਏ ਰਹੇ ਹਨ। ਇਸ ਤ੍ਰੈਗੁਣੀ ਮਾਇਆ ਵਿਚ ਖਚਤ ਹੋਇਆਂ ਸਹਿਜ ਪਦ ਉਪਜਦਾ ਹੀ ਨਹੀਂ। ਮਾਇਆ ਰੂਪੀ ਤ੍ਰੈਗੁਣਾਂ ਅੰਦਰ ਦੂਜੇ ਭਾਵ (ਦੁਐਤ) ਦੀ ਹੀ ਪ੍ਰਾਪਤੀ ਹੁੰਦੀ ਹੈ। ਇਸ ਸਹਿਜ ਪਦੋਂ ਹੀਣੇ ਸਭ ਮਨਮੁਖ ਹਨ। ਜਿਤਨੇ ਓਹ ਕਰਮ ਕਮਾਂਵਦੇ ਹਨ, ਸਭ ਮਨਮੁਖੀ ਕਰਮ ਹਨ, ਜਿਨ੍ਹਾਂ ਦੇ ਕਮਾਉਣ ਕਰਕੇ ਓਹ ਸਦਾ ਹਉਮੈ ਰੂਪੀ ਅਗਨੀ ਵਿਚ ਹੀ ਜਲਦੇ ਸੜਦੇ ਰਹਿੰਦੇ ਹਨ। ਤਿਨ੍ਹਾਂ ਦਾ ਜੰਮਣ ਮਰਨ ਰੂਪੀ ਚੌਰਾਸੀ ਦਾ ਗੇੜ ਕਦੇ ਮੁਕਦਾ ਚੁਕਦਾ ਹੀ ਨਹੀਂ। ਉਹ ਮੁੜ ਮੁੜ ਕੇ ਜੂਨੀਆਂ ਵਿਚ ਆਉਂਦੇ ਹਨ। ਮਾਇਆ ਰੂਪੀ ਤ੍ਰਿਹਾਂ ਗੁਣਾਂ ਵਿਚ ਰੁੜ੍ਹੇ ਜਾਂਦੇ ਪ੍ਰਾਣੀਆਂ ਨੂੰ ਸਹਿਜ ਪਦ ਦੀ ਪ੍ਰਾਪਤੀ ਕਿਥੇ? ਬਸ ਓਹ ਤ੍ਰਿਹਾਂ ਗੁਣਾਂ ਵਿਚ ਭਰਮਦੇ ਭਟਕਦੇ ਫਿਰਦੇ ਰਹਿੰਦੇ ਹਨ। ਓਹ ਤਾਂ ਮੂਲਹੁ ਮੁੱਢਹੁ ਹੀ ਘੁੱਥੇ ਹੋਏ ਹਨ। ਤਿਨ੍ਹਾਂ ਦਾ ਪੜ੍ਹਨਾ ਗੁੜ੍ਹਨਾ ਅਤੇ ਕਥਨ ਸਭ ਬਾਦ ਹੈ। ਸਹਿਜ ਬਿਵਸਥਾ ਪ੍ਰਾਪਤਿ ਹੁੰਦੀ ਹੈ ਤਾਂ ਚੌਥੇ ਤੁਰੀਆ ਪਦ ਵਿਚ ਹੀ ਹੁੰਦੀ ਹੈ ਅਤੇ ਗੁਰਮੁਖਾਂ ਦੇ ਹੀ ਪਲੇ ਪੈਂਦੀ ਹੈ। ਗੁਰਮਤਿ ਨਾਮ ਵਾਹਿਗੁਰੂ ਨਾਮ ਨਿਰਗੁਣੀ ਨਿਧਾਨ (ਖਜ਼ਾਨਾ) ਹੈ, ਜੋ ਸਦਾ ਤ੍ਰੈਗੁਣਾਂ ਤੋਂ ਅਪਰੰਪਰ ਹੈ। ਇਸ ਨਿਰਗੁਣ ਨਾਮ ਨਿਧਾਨ ਦੇ ਪ੍ਰਾਪਤਿ ਹੋਇਆਂ ਹੀ ਸਹਿਜ ਪਦ ਦੀ ਸੋਝੀ ਹੁੰਦੀ ਹੈ, ਜੋ ਕੇਵਲ ਗੁਰੂ ਦੁਆਰਿਓਂ ਹੀ ਮਿਲਦੀ ਹੈ। ਗੁਰਬਾਣੀ ਗੁਰਮਤਿ ਨਾਮ ਤ੍ਰੈਗੁਣਾਂ ਤੋਂ ਅਤੀਤ ਨਿਰਗੁਣੀ ਗੁਣ ਵਾਲਿਆਂ ਗੁਣਵੰਤਿਆਂ ਦੀ ਸਿਫਤ ਸਲਾਹ ਹੀ ਪ੍ਰਵਾਨ ਪੈਂਦੀ ਹੈ। ਸੱਚੇ ਵਾਹਿਗੁਰੂ ਦੀ ਸੱਚੀ ਦਰਗਾਹ ਵਿਚ ਸੱਚੀ ਸ਼ੋਭਾ ਸਸ਼ੋਭਤ ਹੁੰਦੀ ਹੈ। ਗੁਰੂ ਦੁਆਰਿਓਂ ਸੱਚਾ ਸ਼ਬਦ-ਮਿਲਾਵਾ ਹੋਣ ਪਰ ਹੀ ਭੁਲਿਆਂ ਹੋਇਆਂ ਨੂੰ ਸਹਿਜ ਪਦ ਦੀ ਲੀਨਤਾ ਹੁੰਦੀ ਹੈ। ਬਸ ਇਸ ਸਹਿਜ ਪਦ ਬਿਨਾਂ ਸਭ ਅੰਧ ਹੀ ਅੰਧ ਹੈ ਅਤੇ ਮੋਹ ਮਾਇਆ ਦਾ ਮੋਹ ਗੁਬਾਰ ਹੀ ਗੁਬਾਰ ਹੈ। ਸੱਚੇ ਵਾਹਿਗੁਰੂ ਦੇ ਅਪਾਰ ਸ਼ਬਦ ਦੁਆਰਾ ਹੀ ਸਹਿਜ ਪਦ ਦੀ ਸੋਝੀ ਪੈਂਦੀ ਹੈ। ਪੂਰੇ ਗੁਰੂ ਕਰਤਾਰ ਦੇ ਦਰਬਾਰ ਵਿਚ ਓਹ ਆਪੇ ਹੀ ਬਖਸ਼ ਮਿਲਾਏ ਜਾਂਦੇ ਹਨ। ਨਾ ਦਿਸਣ ਵਾਲਾ ਅਦ੍ਰਿਸ਼ਟ ਵਾਹਿਗੁਰੂ ਇਸ ਸਹਿਜ ਪਦ ਵਿਚ ਲੀਨ ਹੋਇਆਂ ਹੀ ਪਛਾਣਿਆ ਜਾਂਦਾ ਹੈ। ਇਸ ਸਹਿਜ ਪਦ ਵਿਚ ਲੀਨ ਹੋਏ ਵੇ ਗੁਰਮੁਖ ਜਨ ਨਿਰਸੰਦੇਹ ਨਿਰਭਉ ਹੋ ਕੇ ਜੋਤਿ ਨਿਰੰਕਾਰ ਵਿਚ ਜਾ ਸਮਾਉਂਦੇ ਹਨ। ਜੋਤੀ ਜੋਤਿ ਮਿਲਾਵਣਹਾਰਾ ਸਭਨਾਂ ਜੀਆਂ ਕਾ ਇਕੋ ਦਾਤਾ ਹੈ। ਇਸ ਦਾ ਪਾਰਾਵਾਰ ਕਿਸੇ ਤੋਂ ਪਾਇਆ ਨਹੀਂ ਜਾਂਦਾ। ਪੂਰੇ ਸ਼ਬਦ ਗੁਰ ਮੰਤ੍ਰ (ਵਾਹਿਗੁਰੂ) ਦੁਆਰਾ ਹੀ ਸਲਾਹਿਆ ਵਾਹਿਗੁਰੂ ਸਹਿਜੇ ਆਇ ਮਿਲਦਾ ਹੈ। ਸਹਿਜ ਪਦ, ਨੂੰ ਪ੍ਰਾਪਤਿ ਹੋਏ-ਵੇ ਗੁਰਮੁਖ ਜਨ ਹੀ ਸੱਚੇ ਗਿਆਨੀ ਹਨ। ਇਨ੍ਹਾਂ ਸੱਚੇ ਗਿਆਨੀਆਂ ਦਾ ਧਨ ਨਾਮ ਹੀ ਹੈ। ਉਹ ਨਾਮ ਅਭਿਆਸ ਕਮਾਈ ਕਰਿ ਕਰਿ ਸੱਚੇ ਵਪਾਰੀ ਬਣਦੇ ਹਨ ਅਤੇ ਸਹਿਜ ਨਿਰੰਕਾਰੀ ਪਦ ਵਿਚ ਹਰਦਮ ਲੀਨ ਰਹਿੰਦੇ ਹਨ। ਦਿਨੋ ਰਾਤ ਵਾਹਿਗੁਰੂ ਨਾਮ ਦਾ ਲਾਹਾ ਲੈਣ ਵਾਲਿਆਂ ਦੇ ਭੰਡਾਰ ਅਖੁਟ ਭਰੇ ਰਹਿੰਦੇ ਹਨ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਤਿਨ੍ਹਾਂ ਨੂੰ ਕਦੇ ਤੋਟ ਨਹੀਂ ਆਉਂਦੀ ਹੈ। ਦੇਵਣਹਾਰ ਦਾਤਾਰ ਵਾਹਿਗੁਰੂ ਨੇ ਹੀ ਤਿਨ੍ਹਾਂ ਨੂੰ ਇਹ ਦਾਤਿ ਦਿਤੀ ਹੈ।

ਇਸ ਦਾਤਿ ਬਿਹੂਣਿਆਂ ਹੀ ਕਥਨੀ ਬਦਨੀ ਸਭ ਬਾਦ ਹੈ। ਤਿਨ੍ਹਾਂ ਦੀ ਕਥਾ ਬਾਰਤਾ ਕਰਨੀ ਸਭ ਲੋਕਾਚਾਰ ਹੈ। ਸਾਰ ਗੁਰਮਤਿ ਗੁਣਾਂ ਦੀ ਪ੍ਰਾਪਤੀ ਤਿਨ੍ਹਾਂ ਨੂੰ ਕਦਾਚਿਤ ਹੁੰਦੀ ਹੀ ਨਹੀਂ। ਗੁਰਮੁਖ


www.AKJ.Org

ਜਨ ਗੁਰਬਾਣੀ ਰੂਪੀ ਅੰਮ੍ਰਿਤ ਬਾਣੀ ਦਾ ਹੀ ਉਚਾਰਨ ਕਰਦੇ ਹਨ । ਹੋਰ ਕੱਚੀ ਬਾਣੀ ਕਦੇ ਨਹੀਂ ਉਚਾਰਦੇ। ਸਧਰਾਂ ਨਾਲ ਗੁਰਮੁਖ ਜਨਾਂ ਦੀ ਰਸਨਾਵਾਂ ਤੋਂ ਉਚਾਰੀ ਹੋਈ ਗੁਰਬਾਣੀ ਸ੍ਰੋਤੇ ਜਨਾਂ ਨੂੰ ਅੰਮ੍ਰਿਤ ਰਸ ਦੇ ਗਟਾਕ ਪੀਆਉਂਦੀ ਹੈ । ਖ਼ੁਦ ਅੰਮ੍ਰਿਤ ਬਾਣੀ ਉਚਾਰਨਹਾਰੇ ਗੁਰਮੁਖ ਪ੍ਰੇਮੀ ਜਨ ਖਿਨ ਖਿਨ ਅੰਮ੍ਰਿਤ ਮਈ ਗਟਾਕ ਰਸ ਪੀਂਦੇ ਹਨ ਅਤੇ ਪੀਈ ਜਾਂਦੇ ਹਨ । ਇਸ ਬਿਧਿ ਗੁਰਬਾਣੀ ਦਾ ਅੰਮ੍ਰਿਤ ਉਚਾਰਨ ਕਰੀ ਜਾਣਾ ਹੋਰ ਭੀ ਸ੍ਰੋਤਿਆਂ ਬਕਤਿਆਂ ਦੀ ਬਿਰਤੀ ਸੁਰਤੀ ਨੂੰ ਅਖੰਡਾਕਾਰ ਕਰ ਦੇਂਦਾ ਹੈ। ਓਥੇ ਭਲਾ ਮਨ-ਉਕਤ ਕੱਚੀ ਬਾਣੀ ਵਿਚ ਰਲਾਉਣ ਦਾ ਕੀ ਵਾਸਤਾ! (ਗੁਰਬਾਣੀ ਦੀ ਕਥਾ ਕਰਨਹਾਰਿਆਂ ਦਾ ਕੁਚੱਜ ਓਹਨਾਂ ਕੁਚੱਜਿਆਂ ਦੇ ਮੁਖੋਂ ਮਨ-ਉਕਤ ਕਚੀ ਬਾਣੀ ਬੋਲ ਕੇ ਅਰਥਾਬੰਦੀ ਕਰਿ ਕਰਿ ਕੇ ਕੰਚਨ ਵਿਚ ਕੰਚ ਰਲਾਈ ਜਾਣਾ ਉੱਕਾ ਹੀ ਗੁਰਮਤਿ ਪ੍ਰਤਿਕੂਲ ਹੈ। ਖ਼ਾਸ ਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠ ਕੇ ਬੜੀ ਨਿਰਲੱਜਤਾ ਨਾਲ ਜੋ ਕਥਾਗੜ ਗਿਆਨੀ ਇਹ ਕੁਚੱਜ ਕਰਦੇ ਹਨ ਮਨ-ਉਕਤ ਕਥਾ ਕਰਨ ਦਾ, ਓਹ ਤਾਂ ਗੁਰਬਾਣੀ ਦੀ, ਸ੍ਰੀ ਗੁਰੂ ਗ੍ਰੰਥ ਜੀ ਦੀ ਬੜੀ ਹੀ ਬੇਅਦਬੀ ਕਰਦੇ ਹਨ)। ਇਸ ਬਿਧਿ ਅੰਮ੍ਰਿਤ ਬਾਣੀ ਵਖਾਣ ਵਖਾਣ ਕੇ ਗੁਰਮੁਖ ਜਨਾਂ ਨੂੰ ਸੂਤੇ ਹੀ ਸੂਝ ਹੋ ਜਾਂਦੀ ਹੈ। ਗੁਰਬਾਣੀ ਅੰਦਰ ਸਾਰੇ ਹੀ ਅੰਮ੍ਰਿਤ ਭਰਪੂਰ ਹੈ। ਇਸ ਕਰਕੇ ਗੁਰਬਾਣੀ ਰੂਪੀ ਅੰਮ੍ਰਿਤਾ ਬਦਨ ਅੰਮ੍ਰਿਤਾ ਬਿਰਤੀ ਅੰਮ੍ਰਿਤਾ ਸੁਰਤੀ ਸਪਰਸ਼ ਕਰ ਦੇਂਦੇ ਹਨ । ਇਹ ਪਾਰਸ ਰਸਾਇਣੀ ਅਗਾਧ ਕਲਾ ਹੈ ਅੰਮ੍ਰਿਤ ਗੁਰਬਾਣੀ ਦੇ ਉਚਾਰਨ ਅੰਦਰ। ਮਨ-ਉਕਤ ਕਚਘਰੜ ਕਥਾ ਕੀਤਿਆਂ ਇਹ ਪਾਰਸ-ਕਲਾ ਰਹਿੰਦੀ ਹੀ ਨਹੀਂ, ਵਰਤਦੀ ਹੀ ਨਹੀਂ, ਕਿਉਂਕਿ ਕੰਚਨ ਵਿਚ ਕੱਚ ਜੁ ਰਲ ਜਾਂਦਾ ਹੈ। ਸੱਚੀ ਅੰਮ੍ਰਿਤ ਬਾਣੀ ਵਿਚ ਕੱਚੀ ਬਾਣੀ ਜੁ ਰਲ ਜਾਂਦੀ ਹੈ। ਸਤਿਗੁਰੂ ਬਾਝੋਂ ਗੁਰਬਾਣੀ ਬਿਨਾ ਹੋਰ ਸਭ ਬਾਣੀ ਕੁਬਾਣੀ ਕਚ਼ੀ ਬਾਣੀ ਹੈ, ਭਾਵੇਂ ਕਿਤਨੀ ਹੀ ਘੋਟ ਘੋਟ ਕੇ ਉਚਾਰੀ ਜਾਵੇ ਕਚਘਰੜ ਗਿਆਨੀਆਂ ਦੇ ਮੁਖੋਂ । ਗੁਰਬਾਣੀ ਰੂਪੀ ਅੰਮ੍ਰਿਤ ਮਈ ਸੱਚੇ ਗਿਆਨ ਬਾਝੋਂ, ਸਭ ਗਿਆਨ ਫੋਕਟ ਗਿਆਨ, ਕਚਘਰੜ ਗਿਆਨ ਹੈ । ਤਾਂ ਹੀ ਤੇ ਗੁਰਮਤਿ ਅਨੁਸਾਰ ਬਾਣੀ ਰੂਪੀ ਅੰਮ੍ਰਿਤ ਗਿਆਨ ਅੰਦਰ ਇਸ ਫੋਕਟ ਗਿਆਨ ਦੇ ਰਲਾਉਣ ਦਾ ਵਿਧਾਨ ਨਹੀਂ । ਦੂਜੇ ਗੁਰਬਾਣੀ ਦੀ ਸਮੱਗਰਤਾ ਇਕੋ ਅਕਾਲ ਪੁਰਖ ਦਾ ਸੇਵਨ ਆਰਾਧਨ ਹੀ ਦ੍ਰਿੜ੍ਹਾਉਂਦੀ ਹੈ। ਸੋ ਜੋ ਗੁਰਮੁਖ ਜਨ ਪੂਰਨ ਪ੍ਰੇਮ-ਪ੍ਰਾਇਣੀ ਗੁਰਮੁਖਤਾ ਅਨੁਸਾਰ ਗੁਰਬਾਣੀ ਉਚਾਰਦੇ ਪੜ੍ਹਦੇ ਹਨ, ਭਾਵ ਗੁਰਬਾਣੀ ਦਾ ਪਾਠ ਕੀਰਤਨ ਕਰਦੇ ਹਨ ਓਹ ਇਸ ਬਿਧਿ ਨਿਰੋਲ ਤੌਰ ਤੇ ਇਕ ਦੀ ਉਪਾਸ਼ਨਾ ਸੇਵਾ ਅਤੇ ਇਕ ਦੀ ਹੀ ਆਰਾਧਨਾ ਕਰਦੇ ਹਨ। ਇਸ ਬਿਧਿ ਉਚਾਰੀ ਕੀਰਤਾਰੀ ਹੋਈ ਗੁਰਬਾਣੀ ਗੁਰਮੁਖਾਂ ਦੀ ਰਸਨਾ ਤੋਂ ਉਚਾਰੀ ਹੋਈ ਗੁਰਬਾਣੀ ਅਕਾਲ ਪੁਰਖ ਵਾਹਿਗੁਰੂ ਦੀ ਸੂਤੇ ਸਹਿਜ ਹੀ ਅਕਥ ਕਥਾ ਹੈ। ਏਥੇ ਹੋਰ ਅਲਪਗ ਵੀਚਾਰੀ ਕਥਾ ਪਾਉਣ ਦੀ ਲੋੜ ਨਹੀਂ । ["ਕਥਾ ਕੀਰਤਨ" ਪੁਸਤਕ ਵਿਚੋਂ

———

## ਜਿੰਦ ਭਾਲਦੀ ਏ ਥਾਂ ਕੋਈ

[ਭਾਈ ਬਲਵੰਤ ਸਿੰਘ 'ਨੂਰ', ਲੁਧਿਆਣਾ]

ਜਿੰਦ ਭਾਲਦੀ ਏ ਥਾਂ ਕੋਈ ਸਾਈਆਂ ਤੇਰੇ ਹਜ਼ੂਰ।
ਇਸ ਫਰਸ਼ ਤੋਂ ਉਚੇਰਾ, ਉਸ ਅਰਸ਼ ਤੋਂ ਵੀ ਦੂਰ।
ਅਗੰਮੀ ਦੀ ਖਿਚ ਹਰ ਸਮੇਂ, ਜਿੰਦੂ ਨੂੰ ਟੁੰਬਦੀ,
ਮਹਿਕਾਂ ਤੇ ਖੇੜੇ ਜਿਸ ਦੇ, ਦੇਂਦੇ ਨੇ ਦਿਲ ਸਰੂਰ।
ਰੇਤਾਂ ਉਸਾਰੀ ਕੰਧ ਜੋ, ਖੜੀ ਮੇਰੇ ਤੁਸਾਂ ਦੇ ਵਿਚ,
ਡਿਗੀ ਹਨੇਰੀ ਪ੍ਰੀਤ ਤੋਂ, ਹਿਲੀ ਜਾਂ ਨੀਂਹ ਗਰੂਰ।
ਹੁਣ ਰੂਪਾਂ ਦੀ ਖਿਚ ਨ ਖਿਚੇ, ਅੱਖ ਟਿਕੀ ਅਰੂਪ ਤੇ,

www.AKJ.Org

# ਵਾਪਸੀ ਤੇ ਵਿਸਵਿਸੇ

[ਵਲੋਂ—ਪ੍ਰਿੰਸੀਪਲ ਸੁਜਾਨ ਸਿੰਘ ਜੀ, ਗੁਰਦਾਸਪੁਰ]

ਕਈ ਸੌ ਸਾਲ ਪੁਰਾਣੀ ਗੱਲ ਹੈ ਕਿ ਮੋਹੜੇ ਪਿੰਡ ਦੇ ਬਾਹਰਵਾਰ ਪੰਡਤ ਦੁਰਗਾ ਦਾਸ ਦੀ ਧਰਮਾਰਥ ਸਰਾਂ ਵਿਚ ਗੰਗਾ ਦੇ ਇਸ਼ਨਾਨ ਮਗਰੋਂ ਹਰਿਦੁਆਰੋਂ ਮੁੜਿਆ ਇਕ ਦਰਮਿਆਨੀ ਗਿਣਤੀ ਦਾ ਸੰਗ ਬਿਸ੍ਰਾਮ ਕਰ ਰਿਹਾ ਸੀ। ਇਹ ਪਿਛਲੇ ਪੜਾਅ ਤੋਂ ਦਿਨ ਦੀ ਲੋਅ ਲੱਗਣ ਤੋਂ ਕੁਝ ਪਹਿਲਾਂ ਹੀ ਤੁਰ ਪਿਆ ਸੀ। ਭਾਵੇਂ ਇਸ ਸੰਗ ਦਾ ਮੁਹਰੀ ਤਿੰਨ ਪਹਿਰੇ ਉੱਠ ਕੇ ਇਸ਼ਨਾਨ-ਪੂਜਾ ਕਰਨ ਦਾ ਨੇਮੀ ਸੀ, ਫੇਰ ਵੀ ਉਸ ਨੇ ਸੰਗ ਨੂੰ ਬਹੁਤਾ ਤੜਕੇ ਨਹੀਂ ਸੀ ਜਗਾਇਆ। ਉਨ੍ਹਾਂ ਦਿਨਾਂ ਵਿਚ ਜੰਗਲਾਂ ਦੇ ਵਿਚੋਂ ਲੰਘਦੇ ਕੱਚੇ ਪੱਕੇ, ਟੁੱਟੇ ਫੁੱਟੇ ਰਾਹਾਂ ਤੇ ਸਫ਼ਰ ਕਰਨਾ ਖ਼ਤਰੇ ਤੋਂ ਖ਼ਾਲੀ ਨਹੀਂ ਸੀ। ਹਿੰਸਕ ਜੀਵਾਂ ਤੋਂ ਛੁਟ ਹੈਂਸਿਆਰੇ ਡਾਕੂਆਂ ਦਾ, ਇੱਕੜ ਦੁੱਕੜ ਤੇ ਛੱਡੋ, ਸੰਗ੍ਹਾਂ-ਸਾਥਾਂ ਮੇਲਾਂ-ਬਰਾਤਾਂ ਤੇ ਵੀ ਹਮਲਾ ਅਣਹੋਣੀ ਗੱਲ ਨਹੀਂ ਸੀ ਹੁੰਦਾ। ਤੀਰਥ-ਯਾਤ੍ਰੀਆਂ ਨੂੰ ਘਰ ਦੇ ਰੋ ਰੋ ਕੇ ਯਾਤਰਾ ਤੇ ਤੋਰਦੇ ਸਨ ਤੇ ਵਾਪਸ ਆਇਆਂ ਨੂੰ ਰੋ ਰੋ ਕੇ ਗਲੇ ਮਿਲਦੇ ਸਨ।

ਮੱਠੀ ਚਾਲੇ ਵੀ ਸੰਗ ਨੇ ਦੁਪਹਿਰ ਤੋਂ ਪਹਿਲਾਂ ਦਸ ਕੋਹ ਪੈਂਡਾ ਮਾਰ ਲਿਆ ਸੀ। ਸਰਾਂ ਲਾਗ-ਲੀਆਂ ਮਾੜੀਆਂ ਮੋਟੀਆਂ ਹੱਟੀਆਂ ਤੋਂ ਖਾਣ ਪੀਣ ਦਾ ਪ੍ਰਬੰਧ ਹੋ ਗਿਆ ਸੀ। ਕਈਆਂ ਨੇ ਰਾਹ ਵਿਚੋਂ ਲਕੜ-ਤਿੰਬੜ ਚੁਣ ਲਿਆ ਸੀ ਤੇ ਹੱਟੀਆਂ ਤੋਂ ਸੁੱਕੀ ਰਸਦ ਲੈ ਕੇ ਇੱਟਾਂ ਪੱਥਰ ਜੋੜ ਕੇ ਬਣਾਏ ਚੁਲ੍ਹਿਆਂ ਤੇ ਭੋਜਨ ਤਿਆਰ ਕਰ ਲਿਆ ਸੀ। ਹੁਣ ਉਹ ਦੋਪਹਿਰਾਂ ਦੇ ਮਗਰੋਂ ਤਕ ਭੁੰਜੇ ਦਰੀਆਂ-ਸਫ਼ਾਂ ਵਿਛਾਈ ਖੇਸਾਂ ਦੇ ਸਰ੍ਹਾਣੇ ਬਣਾਈ ਜਾਂ ਬਾਂਹ-ਸਰ੍ਹਾਣੇ ਦਈ ਬਿਸਰਾਮ ਕਰ ਰਹੇ ਸਨ। ਇਨ੍ਹਾਂ ਦਾ ਆਗੂ ਇਕ ਸਠਾਂ-ਬਾਹਠਾਂ ਵਰ੍ਹਿਆਂ ਦਾ ਤਕੜਾ ਬਿਰਧ ਸੀ, ਜਿਸ ਨੂੰ ਸਾਰੇ ਬਾਬਾ ਜੀ ਜਾਂ ਭਗਤ ਜੀ ਕਹਿ ਕੇ ਸੱਦਦੇ ਸਨ। ਇਸ ਦੀ ਦਾੜ੍ਹੀ ਵਿਚ ਕਾਲੇ ਵਾਲ ਬਹੁਤ ਘਟ ਸਨ। ਨੱਕ ਇਸ ਦਾ ਤਿੱਖਾ ਤੇ ਅੱਖਾਂ ਮੋਟੀਆਂ ਮੋਟੀਆਂ ਸਨ। ਕਾਰ-ਵਿਹਾਰ ਤੇ ਸੌਦੇ-ਸੂਤਰ ਖਰੀਦਣ ਵਿਚ ਉਹ ਬਾਣ ਨਹੀਂ ਸੀ ਖਾਂਦਾ। ਉਹ ਮਿੱਠ-ਬੋਲਾ, ਸੱਚ-ਨਿਆਂ ਨਿਤਾਰਨ ਵਾਲਾ, ਘਟ ਖਾਣ ਤੇ ਘੱਟ ਸੌਣ ਵਾਲਾ ਵਿਅਕਤੀ ਸੀ। ਕੱਦ ਉਸ ਦਾ ਛੋਟਾ ਸੀ, ਪਰ ਇਕੱਲਾ ਖਲੋਤਾ ਹੋਵੇ ਤਾਂ ਮਧਰੇ ਕੋਲੋਂ ਲੰਮਾ ਵਧੇਰੇ ਜਾਪਦਾ ਸੀ। ਨਿੱਤ ਦੀ ਵਰਤੋਂ ਵਿਚ ਸੁੱਚ ਦਾ ਬੜਾ ਖਿਆਲ ਰਖਦਾ ਸੀ।

ਇਹ ਲਗਾਤਾਰ ਵੀਹਾਂ ਸਾਲਾਂ ਤੋਂ ਗੰਗਾ ਦੀ ਯਾਤ੍ਰਾ ਕਰਦਾ ਰਿਹਾ ਅਤੇ ਇਹ ਉਸ ਦੀ ਇਕੀਵੀਂ ਯਾਤ੍ਰਾ ਸੀ। ਗੰਗਾ ਦਾ ਅਨਿੰਨ ਭਗਤ ਤੇ ਰਾਹ ਦਾ ਭੇਤੀ ਹੋਣ ਕਾਰਨ ਹੀ ਉਸ ਨੂੰ ਸਾਥ ਦਾ ਮੁਹਰੀ ਥਾਪਿਆ ਗਿਆ ਸੀ।

ਕਦੇ ਕਦੇ ਕੁਝ ਅੱਧ-ਪਛਾਣੇ ਜਿਹੇ ਪ੍ਰਸ਼ਨ ਉਸ ਦੇ ਮਨ ਵਿਚ ਉਠਿਆ ਕਰਦੇ ਸਨ, ਪਰ ਐਤਕੀਂ ਦੀ ਤੀਰਥ-ਯਾਤ੍ਰਾ ਮਗਰੋਂ ਇਹ ਸਵਾਲ ਵਧੇਰੇ ਉੱਚੇ ਤੇ ਸਪੱਸ਼ਟ ਜਾਪਦੇ ਸਨ, "ਅਮਰ ਦਾਸਾ! ਤੂੰ ਕਦੇ ਕਿਸੇ ਦਾ ਬੁਰਾ ਨਹੀਂ ਚਿਤਵਿਆ, ਸੌਦਾ ਵੇਚਦਿਆਂ ਕਦੇ ਠੱਗੀ ਨਹੀਂ ਮਾਰੀ, ਆਪਣੀ ਭੋਂ ਹੱਥੀਂ ਵਾਹੀ-ਬੀਜੀ ਹੈ, ਗੰਗਾ ਦੀ ਭਗਤੀ ਹੋਸ਼ ਸੰਭਾਲਣ ਵੇਲੇ ਤੋਂ ਕੀਤੀ ਹੈ, ਲਗਦੀ ਵਾਹੇ ਝੂਠ ਨਹੀਂ ਬੋਲਿਆ, ਨੇਮ ਨਾਲ ਪਾਠ ਪੂਜਾ ਕੀਤੀ ਹੈ। ਇਕੀ ਵਾਰ ਲਗਾਤਾਰ ਗੰਗਾ-ਅਸ਼ਨਾਨ ਕੀਤਾ ਈ —— ਕਾਹਦੇ ਲਈ? ਪਰਮਾਰਥ ਲਈ ਨਾ? ਪਰ ਤੂੰ ਹਾਲੀ ਵੀ ਅੰਦਰੋਂ ਖ਼ਾਲੀ ਹੈਂ। ਲੋਕੀਂ ਤੈਨੂੰ ਭਗਤ ਜੀ ਕਹਿੰਦੇ ਹਨ, ਪਰ ਤੈਨੂੰ ਪਤਾ ਹੈ ਕਿ ਤੂੰ ਕੁਝ ਵੀ ਨਹੀਂ। ਤੈਨੂੰ ਕੋਈ ਪ੍ਰਾਪਤੀ ਨਹੀਂ ਹੋਈ ਹਾਲੀ ਤਕ। ਇਹ ਤੇਰੇ ਅੰਦਰ ਦਾ ਖ਼ਾਲੀਪਣ ਕਦੋਂ ਤੇ ਕਿਸ ਤਰ੍ਹਾਂ ਪੁਰ ਹੋਵੇਗਾ?"



www.AKJ.Org

ਅੱਗੇ ਵੀ, ਤੇ ਵਿਸ਼ੇਸ਼ ਕਰਕੇ ਐਤਕੀਂ ਦੀ ਵਾਰੀ, ਇਸਬਿਰਧ ਆਗੂ ਨੇ ਗੰਗਾ ਦੇ ਬ੍ਰਾਹਮਣਾਂ ਵਿਚ ਲੋਟੂ ਬਪਾਰੀਆਂ ਵਾਲਾ ਵਿਹਾਰ ਵੇਖਿਆ ਸੀ। ਉਹ ਕਈ ਸਮਿਆਂ ਤੇ ਕਈ ਥਾਵਾਂ ਤੇ ਵਧ ਤੋਂ ਵਧ ਦਖਣਾ ਲੈਣ ਦਾ ਯਤਨ ਕਰਦੇ ਸਨ। ਕਈ ਵਾਰੀ ਉਸ ਨੂੰ ਉਨ੍ਹਾਂ ਦਾ ਵਤੀਰਾ ਠੱਗੀ ਨਾਲ ਰਲਦਾ ਮਿਲਦਾ ਜਾਪਿਆ ਸੀ। ਨਿਰਮਲ-ਚਿੱਟੇ ਬਸਤਰਾਂ ਵਿਚ ਉਹ ਪਾਟੇ ਪੁਰਾਣੇ ਕਪੜਿਆਂ ਵਾਲੇ ਆਪਣੇ ਨਿਗਦੇ ਸੰਬੰਧੀਆਂ ਦੀਆਂ ਅਸਥੀਆਂ ਦਾ ਗੰਗਾ ਵਿਚ ਪ੍ਰਵਾਹ ਕਰਨ ਆਏ ਗਰੀਬ ਯਾਤ੍ਰੂਆਂ ਦਾ 'ਪਾਉਲੀ ਏਥੇ ਰਖ, ਅਧੇਲੀ ਏਥੇ ਰੱਖ, ਰੁਪਿਆ ਏਥੇ ਰਖ' ਕਹਿ ਕਹਿ ਕੇ ਦਵਾਲਾ ਕੱਢ ਦਿੰਦੇ ਸਨ ਤੇ ਉਨ੍ਹਾਂ ਲਈ ਵਾਪਸ ਮੁੜਨਾ ਮੁਸ਼ਕਲ ਬਣਾ ਦਿੰਦੇ ਸਨ। ਕਈਆਂ ਨੂੰ ਨਾਲ ਆਏ ਧਨੀਆਂ ਦਾ, ਤੇ ਕਈਆਂ ਨੂੰ ਆਪਣਾ ਕਰਜ਼ਾਈ ਬਣਾ ਲੈਂਦੇ ਸਨ ਤੇ ਕਹਿੰਦੇ ਸਨ, "ਦੇਖੋ, ਯਹ ਬ੍ਰਾਹਮਣ ਕਾ ਪੈਸਾ ਹੈ। ਨਾ ਵਾਪਸ ਦੋਗੇ ਤੋ ਘੋਰ ਨਰਕ ਮੇਂ ਸਰਵਦਾ ਪੜੇ ਜਲਤੇ ਰਹੋਗੇ।" ਇਸ ਤਰ੍ਹਾਂ ਯਾਤਰੂ ਲਈ ਮੁੜ ਕੇ ਆਉਣਾ, ਸਿੱਧੇ ਪੁੱਠੇ ਢੰਗ ਨਾਲ ਵਧ ਕਮਾ ਕੇ ਆਉਣਾ ਅਵੱਸ਼ਕ ਬਣ ਜਾਂਦਾ ਸੀ। ਇਹ ਸਭ ਕੁਝ ਬਾਬੇ ਨੂੰ ਠੱਗੀ ਤੇ ਲੁੱਟ ਜਾਪਦੀ ਸੀ, ਪਰ ਉਹ ਪਤਾ ਨਹੀਂ ਕਿਉਂ ਉਭਾਸਰ ਨਹੀਂ ਸੀ ਸਕਦਾ।

ਪਹਿਲੀ ਜਾਂ ਦੂਜੀ ਯਾਤਰਾ ਵੇਲੇ ਜਦੋਂ ਉਹ ਗੰਗਾ-ਇਸ਼ਨਾਨ ਕਰਨ ਲਈ ਗਿਆ ਸੀ ਤਾਂ ਉਸ ਨੇ ਸੁਣਿਆ ਸੀ ਕਿ ਦਸ-ਬਾਰ੍ਹਾਂ ਸਾਲ ਹੋਏ ਪੰਜਾਬ ਤੋਂ ਇਕ ਨੌਜੁਆਨ ਪੰਜਾਬੀ ਮਹਾਨ ਤੇਜਵਾਨ ਸੰਤ ਆਇਆ ਸੀ, ਜਿਸ ਨੇ ਚੜ੍ਹਦੇ ਸੂਰਜ ਨੂੰ ਅਰਘ ਦੇਣ ਦੀ ਥਾਂ ਲਹਿੰਦੇ ਵੱਲ ਪਾਣੀ ਝੱਟਿਆ ਸੀ। ਉਸ ਕਿਹਾ ਸੀ ਕਿ ਜੇ ਗੰਗਾ ਦਾ ਪਾਣੀ ਨਿਵਾਣ ਵੱਲ ਮੇਰੇ ਖੇਤਾਂ ਨੂੰ ਨਹੀਂ ਪਹੁੰਚ ਸਕਦਾ ਤਾਂ ਲੱਖਾਂ ਜੋਜਨ ਉਪਰ ਸੂਰਜ-ਲੋਕ ਤੇ ਪਿਤਰ-ਲੋਕ ਨੂੰ ਕਿਵੇਂ ਅੱਪੜ ਸਕਦਾ ਹੈ। ਇਹ ਗੱਲ ਉਦੋਂ ਨੌਜਵਾਨ ਬਾਬਾ ਜੀ ਨੂੰ ਬੜੀ ਮਾੜੀ ਲੱਗੀ ਸੀ। ਉਸ ਨੇ ਇਹ ਵੀ ਸੁਣਿਆ ਸੀ ਕਿ ਉਸ ਸੰਤ ਨੇ ਕਿਹਾ ਸੀ ਕਿ ਲੋਕਾਂ ਨੂੰ ਲੁਟਣ ਵਾਲੇ ਇਹ ਚਿੱਟ-ਕਪੜੀਏ ਬ੍ਰਾਹਮਣ ਜੀਵਾਂ ਨੂੰ ਘੁੱਟ ਘੁੱਟ ਕੇ ਖਾਣ ਵਾਲੇ ਬਗਲੇ ਹਨ। ਇਹ ਗੱਲਾਂ ਭਗਤ ਜੀ ਨੂੰ ਨਾਸਤਕਾਂ ਵਰਗੀਆਂ ਲੱਗੀਆਂ ਸਨ। ਪਰ ਉਸ ਦਾ ਹੁਣ ਆਪਣਾ ਅਨੁਭਵ ਮੂਕ ਭਾਸ਼ਾ ਵਿਚ ਇਹੋ ਕੁਝ ਬੋਲ ਰਿਹਾ ਸੀ। ਪਰ ਬਾਬਾ ਜੀ ਹਾਲੀ ਤਕ ਕਿਸੇ ਨਾਲ ਸਾਂਝੀ ਕਰਨੋਂ ਝਕਦੇ ਸਨ। ਉਹ ਸੋਚਦਾ ਸੀ, "ਉਹ ਸੰਤ ਪੰਜਾਬ ਦੇ ਸਨ। ਮੈਥੋਂ ਥੋੜੇ ਹੀ ਵੱਡੇ ਹੋਣਗੇ। ਕੀ ਮੈਂ ਉਨ੍ਹਾਂ ਨੂੰ ਭਾਲ ਸਕਾਂਗਾ? ਮੈਂ ਉਨ੍ਹਾਂ ਨੂੰ ਪਹਿਲਾਂ ਲੱਭਣ ਦਾ ਯਤਨ ਕਿਉਂ ਨਾ ਕੀਤਾ?"

ਸੋਚਦਿਆਂ ਸੋਚਦਿਆਂ ਬਾਬਾ ਜੀ ਦੀ ਅੱਖ ਲੱਗ ਗਈ ਸੀ। ਸੰਗ ਦਾ ਉਤਾਰਾ ਸੁਣ ਕੇ ਪੰਡਤ ਦੁਰਗਾ ਦਾਸ ਧਰਮਸਾਲਾ ਵਿਚ ਆਇਆ ਸੀ ਤੇ ਪਹਿਲੋਂ ਆਪਣੀ ਬਗੀਚੀ ਵਿਚ ਫੁੱਲਾਂ-ਬੂਟਿਆਂ ਦਾ ਨਿਰੀਖਣ ਕਰਨ ਲੱਗ ਪਿਆ ਸੀ। ਓਥੋਂ ਲੰਘ ਕੇ ਉਹਸਰਾਂ ਵਲ ਆ ਗਿਆ। ਜਾਗਦਿਆਂ ਨੂੰ "ਜੈ ਗੰਗਾ ਮਾਤਾ ਦੀ!" ਕਹੀ। ਤੁਰਦਾ ਤੁਰਦਾ ਮੁਹਰੀ ਬਾਬੇ ਲਾਗੋਂ ਲੰਘਦਾ ਅਚਾਨਕ ਖੜੋ ਗਿਆ। ਬਾਬੇ ਦੇ ਪੈਰਾਂ ਤੇ ਉਸਦੀ ਨਜ਼ਰ ਪਈ ਸੀ। ਉਸ ਝੁਕ ਕੇ ਭਗਤ ਜੀ ਦੇ ਪੈਰਾਂ ਵਲ ਦੇਖਿਆ। ਉਸ ਨੇ ਅੱਖਾਂ ਮਲੀਆਂ ਤੇ ਫੇਰ ਨੀਝ ਲਾ ਕੇ ਪੈਰਾਂ ਨੂੰ ਦੇਖਿਆ। ਪੰਡਤ ਸਮੁਦ੍ਰਿਕ ਵਿਦਿਆ ਦਾ ਬੜਾ ਅਨੁਭਵੀ ਗਿਆਤਾ ਸੀ। ਉਸ ਨੇ ਭਗਤ ਜੀ ਦੇ ਪੈਰਾਂ ਵਿਚ ਪਦਮ-ਰੇਖਾ ਦੇਖੀ ਅਤੇ ਹੈਰਾਨੀ ਨਾਲ ਖਲੋਤਾ ਦਾ ਖਲੋਤਾ ਹੀ ਰਹਿ ਗਿਆ। ਇਹ ਕੌਤਕ ਦੇਖ ਕੇ ਜਾਗਦੇ ਸਾਥ-ਵਿਚਲੇ ਤੀਰਥ-ਯਾਤ੍ਰੀ ਪੰਡਿਤ ਜੀ ਲਾਗੇ ਆਣ ਇਕੱਠੇ ਹੋਏ। ਪੰਡਤ ਨੇ ਆਪਣੇ ਪਰਨੇ ਨਾਲ ਆਗੂ ਬਾਬੇ ਦੇ ਪੈਰ ਪੂੰਝੇ। ਇਸ ਤਰ੍ਹਾਂ ਕਰਨ ਨਾਲ ਭਗਤ ਜੀ "ਮਾਤਾ ਦੀ ਜੈ" ਬੁਲਾਉਂਦੇ ਉੱਠ ਬੈਠੇ ਅਤੇ ਪੰਡਤ ਜੀ ਨੂੰ ਖਲੋਤਿਆਂ ਦੇਖ ਕੇ ਹੱਥ ਜੋੜ ਕੇ ਕਹਿਣ ਲੱਗੇ, "ਪੰਡਤ ਜੀ, ਇਹ ਤੁਸਾਂ ਕੀ ਕੀਤਾ? ਮੇਰੇ ਸਿਰ ਤੇ ਕਿੰਨਾ ਭਾਰ ਚੜ੍ਹਾਇਆ ਜੇ।"

ਪੰਡਤ ਜੀ ਹੱਥ ਜੋੜ ਕੇ ਬਾਬੇ ਅੱਗੇ ਝੁਕ ਗਏ। ਬਾਬਾ ਹੈਰਾਨ ਹੋਇਆ ਉਨ੍ਹਾਂ ਵਲ ਦੇਖਦਾ ਰਿਹਾ। ਪੰਡਤ ਜੀ ਨੇ ਬਾਬੇ ਦੀ ਪੁਛਦੀ ਨਜ਼ਰ ਦੇ ਜਵਾਬ



www.AKJ.Org

ਵਿਚ ਕਿਹਾ, "ਆਪ ਮੇਰੇ ਕੋਲੋਂ ਕੀ ਪੁੱਛਦੇ ਹੋ, ਮਹਾਤਮਾ ਜੀ? ਤੁਸੀਂ ਤਾਂ ਆਪ ਹੀ ਜਾਣੀ ਜਾਣ ਹੋ।"

ਬਾਬੇ ਨੂੰ ਸਮਝ ਨਾ ਅਈ। ਉਸ ਨੇ ਕਿਹਾ, "ਪੰਡਤ ਜੀ, ਮੈਂ ਕੋਈ ਮਹਾਤਮਾ ਨਹੀਂ। ਮੇਰਾ ਤਾਂ ਅੰਦਰ ਖ਼ਾਲੀ ਹੈ। ਮੈਨੂੰ ਹਰਦੁਆਰ ਤੀਰਥ ਕਰਦਿਆਂ ਇਹ ਇਕੀਵਾਂ ਵਰ੍ਹਾ ਹੈ, ਪਰ ਮਨ ਨੂੰ ਕੋਈ ਸ਼ਾਂਤੀ ਨਹੀਂ। ਤੁਸੀਂ ਕਿਸੇ ਭੁਲੇਖੇ ਵਿਚ ਹੋ?"

ਪੰਡਤ ਨੇ ਬਾਬੇ ਨੂੰ ਬੈਠਿਆਂ ਬੈਠਿਆਂ ਪੈਰ ਉਪਰ ਚੁੱਕ ਕੇ ਦਿਖਾਉਣ ਲਈ ਕਿਹਾ। ਪੈਰ ਉੱਪਰ ਚੁੱਕਦਿਆਂ ਬਾਬੇ ਨੇ ਆਖਿਆ, "ਮੇਰੇ ਪੈਰਾਂ ਵਿਚ ਕੀ ਹੈ? ਅੱਟਣ ਤੇ ਭੇਤੀਆਂ?" ਬਾਬੇ ਦੇ ਮਨ ਵਿਚ ਫੇਰ ਉਸ ਮਹਾਨ ਤੇਜਵਾਨ ਪੰਜਾਬੀ ਸੰਤ ਦਾ ਖ਼ਿਆਲ ਆਇਆ। "ਉਹ ਜ਼ਰੂਰ ਪੂਰਨ ਸੰਤ ਹੋਵੇਗਾ", ਉਹ ਸੋਚ ਰਿਹਾ ਸੀ ਜਦੋਂ ਪੰਡਤ ਫੇਰ ਨਮਸ਼ਕਾਰ ਵਿਚ ਬਾਬੇ ਅੱਗੇ ਝੁਕ ਗਿਆ। ਉਸ ਨੇ ਪੈਰਾਂ ਨੂੰ ਚੰਗੀ ਤਰ੍ਹਾਂ ਦੇਖ ਕੇ ਬਾਬੇ ਦੇ ਚਿਹਰੇ ਨੂੰ ਦੇਖਿਆ ਸੀ। ਉਸ ਨੂੰ ਪਲ ਭਰ ਲਈ ਬਾਬੇ ਦੇ ਚਿਹਰੇ ਤੇ ਵਿਸ਼ੇਸ਼ ਲਾਲੀ ਤੇ ਅੱਖਾਂ ਵਿਚ ਅਗੰਮੀ ਚਮਕ ਦਿਸੀ ਸੀ। ਬਾਬੇ ਦੇ ਪੈਰਾਂ ਵਿਚ ਪ੍ਰਤੱਖ ਪਦਮ-ਰੇਖਾਂ ਸਨ।

ਪੰਡਤ ਨੇ ਉੱਚੀ ਆਵਾਜ਼ ਵਿਚ ਕਿਹਾ ਜਿਵੇਂ ਉਹ ਸਾਰਿਆਂ ਨੂੰ ਸੁਣਾ ਰਿਹਾ ਹੋਵੇ, "ਭਲੇ ਪੁਰਖ, ਜੇ ਤੁਸੀਂ ਮਹਾਰਾਜਾ ਨਹੀਂ ਤਾਂ ਤੁਸੀਂ ਮਹਾਰਾਜਾ ਬਣੋਗੇ, ਜੇ ਤੁਸੀਂ ਮਹਾਂਪੁਰਸ਼ ਨਹੀਂ ਤਾਂ ਤੁਸੀਂ ਮਹਾਂਪੁਰਸ਼ ਬਣੋਗੇ। ਮਾਇਆ ਤੁਹਾਡੀ ਦਾਸੀ ਬਣ ਕੇ ਰਹੇਗੀ। ਤੁਸੀ ਰਾਜੇ ਜਨਕ ਵਾਂਗ ਰਾਜ-ਜੋਗੀ ਹੋਵੋਗੇ। ਤੁਹਾਡਾ ਰਾਜ ਲੋਕਾਂ ਦੇ ਮਨਾਂ ਤੇ ਹੋਵੇਗਾ। ਮੇਰੀ ਸਮੁਦ੍ਰਿਕ-ਵਿਦਿਆ ਇਹੋ ਕਹਿੰਦੀ ਹੈ। ਅਗੋਂ ਜੋ ਪਾਰਬ੍ਰਹਮ ਪਰਮਾਤਮਾ ਦਾ ਭਾਣਾ।"

ਉਹ ਫੇਰ ਭਗਤ ਜੀ ਅੱਗੇ ਨਤਮਸਤਕ ਹੋ ਗਿਆ। ਉਸ ਨੂੰ ਦੇਖ ਸਾਰੇ ਬਾਬਾ ਜੀ ਅੱਗੇ ਝੁਕ ਗਏ। ਅਤੇ ਇਕ ਰਮਤੇ ਵੈਸ਼ਨਵ ਭਗਤ ਨੇ ਵੀ ਜੋ ਪੰਡਤ ਜੀ ਦੀ ਸਮੁਦ੍ਰਿਕ ਵਿਦਿਆ ਦੀ ਵਡਿਆਈ ਤੋਂ ਜਾਣੂੰ ਸੀ, ਡੰਡੌਤ ਕੀਤੀ।

# ਗੁਰਮੁਖਿ ਬੁਢੇ ਕਦੇ ਨਾਹੀ ਜਿਨਾ ਅੰਤਰਿ ਸੁਰਤਿ ਗਿਆਨੁ

ਸਾਡੇ ਸਤਿਕਾਰ ਯੋਗ ਤੇ ਪੂਜਨੀਕ ਹਸਤੀ ਗੁਰਮੁਖ ਪਿਆਰੇ ਮਾਨਯਵਰ ਸ੍ਰੀ ਬਾਊ ਮਲ ਸਿੰਘ ਜੀ ਅਖੰਡ ਕੀਰਤਨੀ ਜਥੇ ਦੀ ਰੂਹੇ ਰਵਾਂ ਤੇ ਮੁਢ ਕਦੀਮਾਂ ਤੋਂ ਸ੍ਰੀ ਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਸੰਗੀ ਸਾਥੀ ਹਨ। ਉਨ੍ਹਾਂ ਆਪਣੀ ਸਾਰੀ ਆਯੂ ਗੁਰਸਿਖ ਸੰਗਤਾਂ ਦੀ ਸੇਵਾ ਅਤੇ ਆਤਮ-ਰੰਗੀ ਵਿਗਾਸ ਹੁਲਾਸ ਅਖਾੜਿਆਂ ਵਿਚ ਹੀ ਗੁਜ਼ਾਰੀ ਹੈ। ਸ੍ਰੀ ਬਾਊ ਜੀ ਦਾ ਜਦੀ ਪਿੰਡ ਸਰਲੀ (ਗੁਰੂ ਕੇ ਜੰਡਿਆਲੇ ਲਾਗੇ) ਹੈ। ਆਪ ਜੀ ਦੀ ਆਯੂ ਅਜੇ ਬਹੁਤ ਛੋਟੀ ਸੀ ਕਿ ਆਪ ਜੀ ਦੇ ਪਿਤਾ ਸ: ਕਾਹਨ ਸਿੰਘ ਜੀ ਚੜ੍ਹਾਈ ਕਰ ਗਏ। ਆਪ ਜੀ ਦੀ ਮਾਤਾ ਗੁਲਾਬ ਕੌਰ ਨੇ ਆਪ ਜੀ ਨੂੰ ਬਟਾਲਾ ਵਿਖੇ ਗੁਰੂ ਕਿਆਂ ਦੀ ਨਿਗਰਾਨੀ ਵਿਚ ਪੜ੍ਹਨੇ ਪਾ ਦਿਤਾ। ਉਥੇ ਆਪ ਜੀ ਨੇ ਬਾਲ ਅਵਸਥਾ ਵਿਚ ਹੀ ਭਾਡੇ ਮਾਂਜਣ ਤੇ ਪਾਣੀ ਢੋਣ ਆਦਿ ਦੀ ਅਤੁਟ ਸੇਵਾ ਕੀਤੀ। ਆਪ ਜੀ ਦੇ ਕੰਨਾਂ ਵਿਚ ਪਾਇਆ ਗਿਆ ਸੀ ਕਿ ਸੇਵਾ ਤੋਂ ਮੇਵਾ ਮਿਲਦਾ ਹੈ ਤੇ ਟਹਿਲ ਤੋਂ ਮਹਿਲ ਮਿਲਦਾ ਹੈ। ਇਸ ਤਰ੍ਹਾਂ ਡੇਰੇ ਦੀ ਅਤੁਟ ਸੇਵਾ ਕਰ ਕੇ ਲੋਕ ਪਰਲੋਕ ਸੰਵਾਰਨ ਦੀ ਨੀਂਹ ਕਾਇਮ ਕੀਤੀ।

ਐਤਕੀ ਸਤੰਬਰ ਦੇ ਮਹੀਨੇ ਵਿਚ ਸ੍ਰੀ ਬਾਊ ਜੀ ਦਾ ਸੰ-ਸਾਲਾ ਜਨਮ-ਦਿਨ ਆ ਰਿਹਾ ਹੈ, ਜਿਹੜਾ ਕਿ ਉਨ੍ਹਾਂ ਦੇ ਨਿਵਾਸ ਅਸਥਾਨ ਸ੍ਰੀ ਤਰਨ ਤਾਰਨ ਵਿਖੇ ਮਨਾਇਆ ਜਾਵੇਗਾ। ਨੀਯਤ ਪ੍ਰੋਗਰਾਮ ਆਉਂਦੇ ਪਰਚੇ ਵਿਚ ਦਿਤਾ ਜਾਵੇਗਾ।

ਮਾਨ ਯੋਗ ਬਾਊ ਜੀ ਨੇ ਗੁਰੂ ਮਹਾਰਾਜ ਦੀ ਬਖਸ਼ੀ ਹੋਈ ਮਾਇਆ ਵਿਚੋਂ, ਪਿਛੇ ਦਿਤੀ ਮਾਇਆ ਤੋਂ ਇਲਾਵਾ ਕੁਝ ਹੋਰ ਹੇਠ ਲਿਖੇ ਅਨੁਸਾਰ ਲੇਖੇ ਲਾਈ ਹੈ —

| | |
|---|---|
| ਗੁਰਦਵਾਰਾ ਬਾਬਾ ਪਰੋਜ ਪਿੰਡ ਸਰਲੀ ਜ਼ਿਲਾ ਅੰਮ੍ਰਿਤਸਰ | ੨੦੦੦-੦੦ |
| ਗੁਰਦਵਾਰਾ ਖਡੂਰ ਸਾਹਿਬ | ੨੦੦੦-੦੦ |
| ਬੀਬੀ ਰਜਨੀ ਕਾਲਜ (ਬੀਬੀਆਂ) ਪੱਟੀ (ਅੰਮ੍ਰਿਤਸਰ) | ੧੦੦੦-੦੦ |

www.AKJ.Org

# ਕਲਿਜੁਗ ਕੀ ਸੁਣ ਸਾਧਨਾ (੨)

## ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥

[ ਵਲੋਂ—ਪ੍ਰਿੰਸੀਪਲ ਗੁਰਮੁਖ ਸਿੰਘ ਜੀ, ਗੁਰਮਤਿ ਕਾਲਜ, ਪਟਿਆਲਾ ]

(੩)

ਕਲਜੁਗੀ ਦਸ਼ਾ ਦਾ ਵਰਨਣ ਕਰਦਿਆਂ ਇਹ ਗੱਲ ਉਹਲੇ ਨਹੀਂ ਕੀਤੀ ਜਾ ਸਕਦੀ ਕਿ ਕਲਿਜੁਗ ਤਕ ਅਪੜਦਿਆਂ, ਆਤਮਕ ਗਿਰਾਵਟ ਦੇ ਪੱਖ ਉਤੇ ਮਨੁਖੀ ਸਮਾਜ ਨੇ ਕੇਹੜੇ ਕੇਹੜੇ ਮੀਲ-ਪੱਥਰ ਤੈਅ ਕੀਤੇ, ਤੇ ਹੁਣ ਵਰਤਮਾਨ ਦਸ਼ਾ ਕੀ ਹੈ ? ਸਿਆਣੇ ਡਾਕਟਰ ਜਾਂ ਵੈਦ ਨੂੰ ਮਰੀਜ਼ ਦੀ ਬੀਮਾਰੀ ਦੀ ਤਸ਼ਖੀਸ਼ ਕਰਨ ਲਗਿਆਂ, ਉਸ ਦੀਆਂ ਸਮੁਚੀਆਂ ਇਲਾਮਤਾਂ ਨੂੰ ਸਾਹਮਣੇ ਰਖਣਾ ਬਣਦਾ ਹੈ, ਤਾਂ ਹੀ ਦਵਾਈ ਤਜਵੀਜ਼ ਕੀਤੀ ਜਾ ਸਕਦੀ ਹੈ। ਗੁਰੂਦੇਵ ਨੇ ਮਨੁਖੀ ਸਮਾਜ ਵਿਚੋਂ ਦਇਆ ਵਰਗੇ ਮੂਲ ਅਧਾਰ ਨੂੰ ਹੌਲੀ ਹੌਲੀ ਗਿਰਦੇ ਦੇਖ ਲਿਆ ਸੀ ਅਤੇ ਇਹੋ ਇਕ ਵੱਡਾ ਕਾਰਨ ਹੈ ਜੋ ਅਜੋਕੇ ਮਨੁਖੀ ਵਤੀਰੇ ਲਈ ਬਹੁਤ ਹਦ ਤਕ ਜ਼ੁਮੇਵਾਰ ਹੈ। ਅਸੀਂ ਆਮ ਸੁਣਦੇ ਹਾਂ, ਮਨੁਖ ਦਾ ਦਿਲ ਪੱਥਰ ਹੋ ਗਿਆ ਹੈ। ਥਾਂ ਥਾਂ ਕਤਲ, ਡਾਕੇ, ਜ਼ੁਲਮ, ਅਨਿਆਂ, ਲੁੱਟ-ਖਸੁੱਟ ਇਸ ਗੱਲ ਵਲ ਸਪੱਸ਼ਟ ਸੰਕੇਤ ਕਰਦੀਆਂ ਹਨ ਕਿ ਮਨੁਖੀ ਹਿਰਦਾ ਕਿਸ ਕਦਰ ਕਠੋਰ ਬਣ ਗਿਆ ਹੈ। ਇਕ ਪਰਿਵਾਰ ਵਿੱਚ ਜੰਮੇ-ਪਲੇ ਬੱਚਿਆਂ ਅੰਦਰ ਆਪੋ ਵਿੱਚ ਖ਼ੂਨ-ਖ਼ਰਾਬਾ ਹੁੰਦਾ ਦੇਖਣ ਵਿਚ ਆਉਂਦਾ ਹੈ। ਆਖ਼ਰ ਇਹ ਕਿਉਂ ? ਦਇਆ ਦੀ ਅਣਹੋਂਦ ਹੀ ਤਾਂ ਇਸ ਦਾ ਇਕ ਵੱਡਾ ਕਾਰਨ ਹੈ। ਪਰ ਇਥੇ ਹੀ ਬਸ ਨਹੀਂ, ਕਲਜੁਗੀ ਸਮਾਜ ਦੀ ਦਸ਼ਾ ਨੂੰ ਸਾਕਾਰ ਕਰਨ ਲਈ ਅਸੀਂ ਗੁਰੂ ਦੇਵ ਦੀ ਆਪਣੀ ਬਾਣੀ ਵਿਚੋਂ ਹੀ ਸੇਧ ਲੈਂਦੇ ਹੋਏ ਦੇਖੀਏ—

ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥
(੪੭੦)

ਦਇਆ ਦੀ ਦੂਜੇ ਨੰਬਰ ਤੇ ਕੂੜ ਹੀ ਵਰਤਮਾਨ ਜੁਗ ਦਾ ਮੋਟਰ-ਬਲ ਹੈ।

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥
ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ ॥
ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ ॥
ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥
ਕੂੜੁ ਮੀਆ ਕੂੜੁ ਬੀਬੀ ਖਪਿ ਹੋਇ ਖਾਰੁ ॥੧॥
(੧੦) ਆਸਾ ਕੀ ਵਾਰ, ਪੰਨਾ ੪੬੮

'ਕੂੜ' ਕੀ ਹੋਇਆ ? ਉਤਰ ਹੈ "ਤੁਧੁ ਬਾਝੁ ਕੂੜੋ ਕੂੜੁ"। ਹੇ ਪ੍ਰਭੂ, ਤੈਥੋਂ ਬਿਨਾਂ ਸੰਸਾਰ ਕੂੜ ਹੀ ਕੂੜ ਹੈ। ਸੱਚ ਤੋਂ ਵਿਛੜ ਕੇ ਇਸ ਸੰਸਾਰ ਵਿਚ ਕੂੜ ਹੀ ਪਲੇ ਪੈਂਦਾ ਹੈ। ਕਲਿਜੁਗ ਵਿੱਚ ਕਰਤਾਰ ਦਾ ਵਿਸਰ ਜਾਣਾ ਇਕ ਪ੍ਰਮੁਖ ਲਛਣ ਹੈ। ਮਨੁਖ ਦੇ ਹਿਰਦੇ ਵਿਚੋਂ ਸੱਚ ਨਿਕਲ ਜਾਏ ਤਾਂ ਕੂੜ ਰਹਿ ਜਾਂਦਾ ਹੈ। ਕਰਤਾਰ ਵਿਸਰ ਜਾਏ, ਤਾਂ ਮਨੁਖ ਕਰਤਾਰ ਤੋਂ ਮੁਕਰ ਜਾਂਦਾ ਹੈ, ਉਸ ਦੇ ਭਾਅ ਦੀ ਜੋ ਦੁਨੀਆ ਵਸਦੀ ਹੈ ਉਸ ਦਾ ਆਧਾਰ ਉਸ ਦੀ ਆਪਣੀ 'ਹਉ' ਹੈ। ਹਉ-ਆਸਰੇ ਕੀਤੇ ਕੰਮ ਤੋਂ ਵਿਵਾਦ ਤੇ ਵਿਖਾਦ ਉਪਜਦੇ ਹਨ।

ਹਉ ਮਾਰਉ ਹਉ ਬੰਧਉ ਛੋਡਉ ਮੁਖ ਤੇ ਏਵ ਬਬਾੜੇ ॥੨॥
ਆਸਾ ਮ: ੫, ਪੰਨਾ ੩੮੦

ਰਾਜਾ, ਪਰਜਾ, ਮੰਡਪ ਮਾੜੀਆਂ, ਸੋਨਾ ਚਾਂਦੀ, ਕਾਇਆ ਕਪੜ, ਮੀਆਂ ਬੀਬੀ ਸਭ ਕੂੜ ਹਨ ਅਤੇ ਕੂੜੀਆਂ ਵਸਤਾਂ ਨਾਲ ਪਿਆਰ ਪਾ ਕੇ ਕਰਤਾਰ ਨੂੰ ਮਨੋਂ ਵਿਸਾਰਨ ਦੇ ਤੁਲ ਹੈ। ਇਹ ਹੈ ਕਲਜੁਗੀ ਸਮਾਜ ਦੀ ਦਸ਼ਾ।

ਉਪਰੋਕਤ ਪਉੜੀ ਵਿਚੋਂ ਇਕ ਹੋਰ ਰੁਚੀ



www.AKJ.Org

ਵਲ ਸੰਕੇਤ ਮਿਲਦਾ ਹੈ । ਇਸ ਜੁਗ ਦੇ ਮਨੁਖ ਦਾ ਬਹੁਤਾ ਝੁਕਾਂ ਮੰਡਪ ਮਾੜੀਆਂ ਬਣਾਣ ਤੇ ਸਜਾਣ ਵਿਚ ਹੈ ਜਾਂ ਆਪਣੇ ਕੂੜੇ ਸਰੀਰ ਨੂੰ ਸ਼ਿੰਗਾਰਨ ਲਈ ਸੋਨਾ, ਚਾਂਦੀ, ਕੀਮਤੀ ਵਸਤਰ ਅਤੇ ਹੋਰ ਹਰ ਤਰ੍ਹਾਂ ਦਾ ਸ਼ਿੰਗਾਰ ਕਰਨਾ ਹੈ। ਇਹ ਪਰਗਟ ਕਰਦਾ ਹੈ ਕਿ ਉਸ ਨੂੰ ਉਪਰੋਕਤ ਵਸਤਾਂ ਵਿਚੋਂ ਕੂੜ ਰਸ ਪ੍ਰਾਪਤ ਹੁੰਦਾ ਹੈ। ਇਹਨਾਂ ਵਿਚ ਉਸ ਦੀ ਤ੍ਰਿਸ਼ਨਾ ਬਣੀ ਹੋਈ ਹੈ। ਉਸ ਦੀ ਅੰਦਰੂਨੀ ਤ੍ਰਿਸ਼ਨਾਲੂ ਭੁੱਖ ਦੀ ਤ੍ਰਿਪਤੀ ਦੇ ਇਹ ਬਾਹਰਮੁਖੀ ਚਿੰਨ੍ਹ ਹਨ —

ਸੁਇਨਾ ਰੁਪਾ ਰੰਗੁਲਾ ਮੋਤੀ ਤੇ ਮਾਣਿਕੁ ਜੀਉ ॥
ਸੇ ਵਸਤੂ ਸਹਿ ਦਿਤੀਆਂ
ਮੈ ਤਿਨ੍ ਸਿਉ ਲਾਇਆ ਚਿਤੁ ਜੀਉ ॥
ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ ॥
ਹਉ ਏਨੀ ਟੋਲੀ ਭੁਲੀਅਸੁ
ਤਿਸੁ ਕੰਤ ਨ ਬੈਠੀ ਪਾਸਿ ਜੀਉ ॥

[ਸੂਹੀ ਮ: ੧ ਕੁਚਜੀ, ਪੰਨਾ ੭੬੨

ਸਿਰੀ ਰਾਗ ਦੀ ਬਾਣੀ ਵਿਚ ਤਾਂ ਕਲਜੁਗੀ ਮਨੁਖ ਦੇ ਚਰਿਤਰ ਦਾ ਜੋ ਨਕਸ਼ਾ ਖਿੱਚਿਆ ਹੈ ਉਹ ਬੜਾ ਮਹੱਤਵ ਪੂਰਨ ਹੈ—

ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ॥ ਪਰਨਿੰਦਾ, ਪਰ-ਮਲੁ ਮੁਖਿ ਸੁਧੀ ਅਗਨ ਕ੍ਰੋਧੁ ਚੰਡਾਲੁ ॥ ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ ॥੧॥... ... ...
ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥ ਰਸੁ ਘੋੜੇ ਰਸੁ ਸੇਜਾ ਮੰਦਰ, ਰਸੁ ਮੀਠਾ, ਰਸੁ ਮਾਸੁ ॥ ਏਤੇ ਰਸ ਸਰੀਰ ਕੇ, ਕੈ ਘਟਿ ਨਾਮ ਨਿਵਾਸੁ ॥੨॥(੪॥੪)

[ਸਿਰੀ ਰਾਗ ਮ: ੧, ਪੰਨਾ ੧੫

ਆਸਾ ਦੀ ਵਾਰ ਵਿਚ "ਕਲਜੁਗ ਰਥੁ ਅਗਨਿ ਕਾ" ਆਖਿਆ ਗਿਆ ਹੈ, ਉਸ 'ਅਗਨਿ' ਦਾ ਵਿਸਥਾਰ ਰੂਪ ਉਪਰ ਦੇ ਦਿਤਾ ਹੈ। ਤ੍ਰਿਸ਼ਨਾ ਜਾਂ ਭੁੱਖ ਕਲਜੁਗੀ ਸਮਾਜ ਦੀ ਵਿਸ਼ੇਸ਼ਤਾ ਹੈ। ਇਥੇ ਸਾਰੇ ਜੀਵ ਜੰਤ, ਪਰ ਪ੍ਰਮੁਖ ਰੂਪ ਵਿਚ ਮਨੁਖ ਭੁੱਖਾ ਭੁੱਖਾ, ਤਿਹਾਇਆ ਤਿਹਾਇਆ ਫਿਰਦਾ ਦਿਸਦਾ ਹੈ। ਇਥੇ ਸਾਰੇ ਕਿਸਮ ਦੇ ਵਰਗ, ਕੀ ਅਮੀਰ ਕੀ ਗਰੀਬ, ਗੁਰੂਦੇਵ ਦੀ ਦ੍ਰਿਸ਼ਟੀ ਵਿਚ ਭੁੱਖੇ (Have not) ਹਨ। ਮਨੁਖੀ ਸਰੀਰ ਨਾਲ ਇਤਨੇ ਰਸ ਕਸ ਸੰਬੰਧਤ ਹਨ ਕਿ ਪ੍ਰਾਣੀ ਨੂੰ ਪ੍ਰਭੂ-ਗਿਆਨ ਵਲ ਸੁਰਤਿ ਹੀ ਨਹੀਂ ਆਉਂਦੀ। ਇਹੀ ਤਾਂ ਕਲਜੁਗ ਦੀ ਵਿਸ਼ੇਸ਼ਤਾ ਹੈ ਕਿ ਇਸ ਵਿਚ ਹੋਰ ਰਸ ਕਸ ਇਤਨੇ ਪ੍ਰਬਲ ਹੋ ਜਾਂਦੇ ਹਨ ਕਿ ਪ੍ਰਭੂ-ਮਿਲਾਪ ਦੀ ਤਾਂਘ ਕਿਸੇ ਵਿਰਲੇ ਦੇ ਹਿਰਦੇ ਵਿਚ ਹੀ ਤੜਪਦੀ ਹੈ। ਬਾਕੀ ਸਾਰੀ ਸ੍ਰਿਸ਼ਟੀ ਵਿਚ ਮਾਨੋ ਅਉੜ ਪੈ ਜਾਂਦੀ ਹੈ, ਤੇ "ਦਾਵਾਂ ਅਗਨਿ ਬਹੁਤੁ ਤ੍ਰਿਣ ਜਾਲੇ, ਕੋਈ ਹਰਿਆ ਬੂਟੁ ਰਹਿਓ ਰੀ"* ਦੀ ਹੂਕ ਅੰਦਰੋਂ ਨਿਕਲਦੀ ਹੈ।

ਇਸੇ ਕਿਸਮ ਦਾ ਇਕ ਹੋਰ ਚਿਤਰ ਸਾਰੰਗ ਕੀ ਵਾਰ ਮ: ੧ ਵਿਚ ਭੀ ਮਿਲਦਾ ਹੈ।

ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ ॥
ਕੂੜੁ ਬੋਲਿ ਬੋਲਿ ਭਉਕਣਾ ਚੂਕਾ ਧਰਮੁ ਬੀਚਾਰੁ॥
ਜਿਨ ਜੀਵੰਦਿਆ ਪਤਿ ਨਹੀ
ਮੁਇਆ ਮੰਦੀ ਸੋਇ ॥
ਲਿਖਿਆ ਹੋਵੈ ਨਾਨਕਾ ਕਰਤਾ ਕਰੇ ਸੁ ਹੋਇ॥੧॥
ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ ॥
ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ ॥
ਸਰਮੁ ਗਇਆ ਘਰਿ ਆਪਣੈ
ਪਤਿ ਉਠਿ ਚਲੀ ਨਾਲਿ ॥
ਨਾਨਕ ਸਚਾ ਏਕੁ ਹੈ ਅਉਰੁ ਨ ਸਚਾ ਭਾਲਿ॥੨॥

[ਮ: ੧, ਸਾਰੰਗ ਕੀ ਵਾਰ, ਪੰ: ੧੨੪੨-੪੩

ਮਨੁਖ ਦੇ ਨਿਜੀ ਵਿਹਾਰਕ ਜੀਵਨ ਦਾ ਜੋ ਚਿਤਰ ਉਪਰ ਚਿਤਰਿਆ ਗਿਆ ਹੈ, ਇਸ ਤੋਂ ਇਕ ਗੱਲ ਬੜੀ ਸਪੱਸ਼ਟ ਹੋ ਕੇ ਸਾਹਮਣੇ ਆਉਂਦੀ ਹੈ ਕਿ ਇਸ ਜੁਗ ਵਿਚ ਮਨੁੱਖ ਦੀ ਅਕਲ ਤੇ ਜੋ ਭਰਮ ਦਾ ਪੜਦਾ ਜਿਹਾ ਪਿਆ ਹੋਇਆ ਹੈ, ਉਸ ਕਰਕੇ ਬੁਧੀ ਭੀ ਆਪਣੇ ਸੁਭਾਅ

* ਆਸਾ ਮ: ੫, ਪੰਨਾ ੩੮੪


www.AKJ.Org

ਨੂੰ ਛੱਡ ਕੇ ਉਕਾ ਹੀ ਵਿਪਰੀਤ ਦਸ਼ਾ ਵਿੱਚ ਚਲੀ ਗਈ ਹੈ। ਦੂਜੇ ਸ਼ਬਦਾ ਵਿਚ ਮਤਿ ਭ੍ਰਿਸ਼ਟ ਗਈ ਹੈ, ਜਿਸ ਕਾਰਨ ਇਸ ਜੁਗ ਅੰਦਰ ਚੀਜ਼ਾਂ ਜਾਂ ਨੈਤਿਕ ਕੀਮਤਾਂ ਦੀਆਂ ਕਦਰਾਂ ਉਲਟ ਗਈਆਂ ਜਾਪਦੀਆਂ ਹਨ। ਇਸ ਦਾ ਇਕ ਨਕਸ਼ਾ ਗਉੜੀ ਰਾਗ ਵਿਚ ਗੁਰੂ ਨਾਨਕ ਦੇਵ ਜੀ ਨੇ ਚਿਤਰਿਆ ਹੈ—

ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ॥
ਬਿਨੁ ਗੁਰ ਪੰਥੁ ਨ ਸੂਝਈ,
ਕਿਤੁ ਬਿਧਿ ਨਿਰਬਹੀਐ ॥੨॥
ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ ॥
ਅੰਧੇ ਕਾ ਨਾਉ ਪਾਰਖੂ ਕਲੀਕਾਲ ਵਿਡਾਣੈ ॥੩॥
ਸੂਤੇ ਕਉ ਜਾਗਤੁ ਕਹੈ ਜਾਗਤ ਕਉ ਸੂਤਾ ॥
ਜੀਵਤ ਕਉ ਮੂਆ ਕਹੈ, ਮੂਏ ਨਹੀ ਰੋਤਾ ॥੪॥
ਆਵਤ ਕਉ ਜਾਤਾ ਕਹੈ ਜਾਤੇ ਕਉ ਆਇਆ ॥
ਪਰ ਕੀ ਕਉ ਅਪੁਨੀ ਕਹੈ
ਅਪੁਨੋ ਨਹੀ ਭਾਇਆ ॥੫॥
ਮੀਠੇ ਕਉ ਕਉੜਾ ਕਹੈ ਕੜੂਏ ਕਉ ਮੀਠਾ ॥
ਰਾਤੇ ਕੀ ਨਿੰਦਾ ਕਰਹਿ
ਐਸਾ ਕਲਿ ਮਹਿ ਡੀਠਾ ॥੬॥
ਚੇਰੀ ਕੀ ਸੇਵਾ ਕਰਹਿ ਠਾਕੁਰੁ ਨਹੀ ਦੀਸੈ ॥
ਪੋਖਰੁ ਨੀਰੁ ਵਿਰੋਲੀਐ
ਮਾਖਨੁ ਨਹੀ ਰੀਸੈ॥੭॥(੧੮) (ਪੰਨਾ ੨੨੯)

ਜੇ ਪੰਜਾਬੀ ਬੋਲੀ ਦੇ ਖਰ੍ਹਵੇ ਮੁਹਾਵਰੇ ਦੇ ਬੋਲਾਂ ਵਿਚ ਇਉਂ ਆਖਿਆ ਜਾਏ ਕਿ ਕਲਜੁਗੀ ਮਨੁਖ ਨੂੰ ਉਲਟ-ਖੋਪਰੀ ਲਗੀ ਹੋਈ ਹੈ ਤਾਂ ਗ਼ਲਤ ਨਹੀਂ ਹੋਵੇਗਾ।

ਜਪੁਜੀ ਸਾਹਿਬ ਵਿਚ ਭਾਵੇਂ ਸਪੱਸ਼ਟ ਰੂਪ ਵਿਚ ਤਾਂ ਨਹੀਂ ਆਖਿਆ ਗਿਆ, ਪਰ ਸੰਕੇਤ ਕਲਜੁਗ ਵਲ ਹੈ। ਇਸ ਤੋਂ ਪਹਿਲੀ ਪਉੜੀ 'ਅਸੰਖ ਜਪੁ' ਵਿਚ ਤ੍ਰੇਤੇ ਜੁਗ ਅਤੇ ਦੁਆਪਰਿ ਦੇ ਸੰਕੇਤ ਕਹੇ ਜਾ ਸਕਦੇ ਹਨ।

ਅਸੰਖ ਮੂਰਖ ਅੰਧ ਘੋਰ ॥ ਅਸੰਖ ਚੋਰ ਹਰਾਮਖੋਰ ॥ ਅਸੰਖ ਅਮਰ ਕਰਿ ਜਾਹਿ ਜੋਰ ॥ ਅਸੰਖ ਗਲਵਢ ਹਤਿਆ ਕਮਾਹਿ ॥ ਅਸੰਖ ਪਾਪੀ ਪਾਪੁ ਕਰਿ ਜਾਹਿ ॥ ਅਸੰਖ ਕੂੜਿਆਰ ਕੂੜੇ ਫਿਰਾਹਿ ॥ ਅਸੰਖ ਮਲੇਛ ਮਲੁ ਭਖਿ ਖਾਹਿ ॥ ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥ ਨਾਨਕੁ ਨੀਚੁ ਕਹੈ ਵੀਚਾਰੁ ॥ [ਜਪੁਜੀ, ਪੰ: ੪

ਇਹ ਕਲਜੁਗੀ ਸਮਾਜ ਦੀ ਦਸ਼ਾ ਦਾ ਵਰਨਣ ਪਰਤੀਤ ਹੁੰਦਾ ਹੈ। ਭਾਵੇਂ ਉਥੇ ਇਸ ਦਸ਼ਾ ਦਾ ਪ੍ਰਸੰਗ ਸ੍ਰਿਸ਼ਟੀ ਰਚਨਾ ਦੇ ਵਿਚ ਪਰੋਇਆ ਹੋਇਆ ਹੈ ਅਤੇ ਇਹ ਸਭ ਕੁਝ ਭੀ ਉਸ ਦੀ ਕੁਦਰਤਿ ਦਾ ਇਕ ਅੰਗ ਆਖਿਆ ਹੈ, ਪਰ ਇਸ ਗੱਲੋਂ ਨਾਂਹ ਨਹੀਂ ਕੀਤੀ ਜਾ ਸਕਦੀ ਕਿ ਉਪਰੋਕਤ ਦਰਸਾਈ ਦਸ਼ਾ ਵਿਚ ਮੂਰਖ, ਅੰਧ ਮੂਰਖ ਅਤੇ ਘੋਰ ਮੂਰਖ, ਜਾਂ ਉਹਨਾਂ ਦਵਾਰਾ ਢਾਹੇ ਜਾ ਰਹੇ ਪਾਪ: ਹਤਿਆ, ਨਿੰਦਾ, ਆਦਿ ਸਭ ਕਲਿਜੁਗ ਦਾ ਕੂੜ-ਕਬਾੜਾ ਹੀ ਹੈ, ਕਿਉਂਕਿ ਤ੍ਰੇਤੇ ਅਤੇ ਦੁਆਪਰ ਵਿਚ ਇਹੋ ਜਿਹੇ ਨਾ ਤਾਂ ਘੋਰ ਮੂਰਖ ਹੁੰਦੇ ਸਨ ਅਤੇ ਨਾ ਹੀ ਘੋਰ ਅਪਰਾਧ। ਧਰਮ-ਨਿਆਂ ਦਾ ਬੋਲ-ਬਾਲਾ ਸੀ।

ਕਲਿਜੁਗ ਵਿਚ ਜਿਥੇ ਬੁੱਧੀ ਭ੍ਰਿਸ਼ਟੀ ਪਰਤੀਤ ਹੋਈ ਦਿਸਦੀ ਹੈ ਤਿਥੇ ਮਨ ਭੀ ਹਰੀ ਨਾਮ, ਜਪ ਤਪ ਸੰਜਮਾਂ ਤੋਂ ਟੁਟ ਕੇ ਭ੍ਰਿਸ਼ਟਿਆ ਜਿਹਾ ਪਰਤੀਤ ਹੁੰਦਾ ਹੈ। ਭ੍ਰਿਸ਼ਟੇ ਹੋਏ ਮਨ ਨੇ ਕੀ ਭਗਤੀ ਕਰਨੀ ਸੀ! ਰਾਜਾ ਪਰਜਾ, ਧਾਰਮਿਕ ਆਗੂ, ਸਭ ਦਾ ਪਤਨ ਹੋ ਰਿਹਾ ਅਖੀਂ ਦਿਸ ਰਿਹਾ ਹੈ। ਇਨ੍ਹਾਂ ਦੇ ਪਤਨ ਲਈ ਜੇ ਕੋਈ ਮੂਲ ਪ੍ਰਵਿਰਤੀਆ ਜ਼ੁਮੇਵਾਰ ਹੈਨ ਤਾਂ ਉਹ ਹਨ ਲੋਭ, ਕੂੜ, ਕਾਮ ਅਤੇ ਅਗਿਆਨਤਾ ਦਾ ਘੋਰ ਅੰਧੇਰਾ। ਆਸਾ ਕੀ ਵਾਰ ਮ: ੧ ਵਿਚ ਵਰਨਣ ਹੈ :—

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥ ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥ ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥ ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ ॥ ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ ॥



www.AKJ.Org

ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ ॥ ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ ॥ ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰਬਾਰੁ ॥ ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ ॥ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ ॥

੨॥(੧੧) [ਆਸਾ ਕੀ ਵਾਰ, ਪੰਨਾ ੪੬੮-੬੯

ਇਸ ਸਮੇਂ ਕਾਮ, ਕੂੜ ਅਤੇ ਲੋਭ ਦਾ ਜੋ ਪ੍ਰਚੰਡ ਨਾਚ ਹੋ ਰਿਹਾ ਹੈ, ਪ੍ਰਭੂ ਦੇ ਭਗਤ ਉਸ ਨੂੰ ਵੇਖ ਵੇਖ ਕੇ ਸਹਿਮੇ ਹੋਏ ਪਰਤੀਤ ਹੁੰਦੇ ਹਨ । ਸਹਿਮ ਇਸ ਲਈ ਭੀ ਜ਼ਿਆਦਾ ਹੈ ਕਿ ਉਹ ਜੋ ਕੁਝ ਭਗਤੀ ਲਈ ਕਰਦੇ ਹਨ, ਉਸ ਵਿਚ ਵੀ ਵਿਘਨ ਪੈਂਦੇ ਰਹਿੰਦੇ ਹਨ । ਇਸ ਦੇ ਮੁਕਾਬਲੇ ਤੇ ਨਕਲੀ ਧਰਮੀ ਆਗੂ ਨੋਟਾਂ ਨਾਲ ਤੋਲੇ ਜਾਂਦੇ ਹਨ । ਗੁਰਬਾਣੀ ਦੇ ਉਲਟੇ ਅਰਥ ਕਰ ਕਰ ਕੇ ਉਹ ਆਪਣੇ ਆਪ ਦੇਹਧਾਰੀ ਗੁਰੂ ਬਣ ਬਣ ਕੇ ਆਪਣੀਆਂ ਕੂੜ ਦੀਆਂ ਦੁਕਾਨਾਂ ਲਿਸ਼ਕਾ ਕੇ ਬੈਠੇ ਹੋਏ ਹਨ ਅਤੇ ਉਨ੍ਹਾਂ ਦੀ ਜੈਜੈ-ਕਾਰ ਹੋ ਰਹੀ ਹੈ, ਪਰ ਸੱਚ ਦੇ ਪਾਂਧੀਆਂ ਦੀ ਦਸ਼ਾ ਹੈ :—

ਜੇ ਕੋ ਸਤੁ ਕਰੇ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ ॥ ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ ॥੩॥

[ਰਾਮਕਲੀ ਮ: ੧ ਅਸਟ, ਪੰਨਾ ੯੦੨

ਨਕਲੀਆਂ ਦੀ ਦਸ਼ਾ ਭੀ ਵੇਖਣ ਜੋਗ ਹੈ। ਅੰਦਰ ਤਾਂ ਕੂੜ ਹੈ, ਪਰ ਬਾਹਰ ਕਿਵੇਂ ਸੱਚੇ ਬਣ ਬਣ ਵਿਚਰਦੇ ਹਨ ਅਤੇ ਉਹ ਸਫ਼ਲ ਮਨੁੱਖ ਮੰਨੇ ਜਾਂਦੇ ਹਨ--

ਸਤੀ ਪਾਪੁ ਕਰਿ ਸਤੁ ਕਮਾਹਿ ॥
ਗੁਰ ਦੀਖਿਆ ਘਰਿ ਦੇਵਣ ਜਾਹਿ ॥੧॥

[ਸਲੋਕੁ ਮ: ੧, ਰਾਮਕਲੀ ਕੀ ਵਾਰ, ਪੰ: ੯੫੧

ਭਾਵ ਕਲਜੁਗੀ ਦਾਨੀ ਲੋਕ ਪਾਪ (Black money) ਦੇ ਖੱਟੇ ਪੈਸੇ ਵਿਚੋਂ ਦਾਨ ਦਿੰਦੇ ਹਨ ਅਤੇ ਇਉਂ 'ਸਤ' ਕਮਾਂਦੇ ਹਨ ਜਾਂ ਉਚਾ ਨਾਮੜਾ ਹਾਸਲ ਕਰਦੇ ਹਨ। ਦੂਜੀ ਗੱਲ ਨਕਲੀ ਗੁਰੂਆਂ ਦੀ ਆਖੀ ਗਈ ਹੈ ਕਿ ਉਹ ਲੋਕਾਂ ਦੇ ਘਰ ਘਰ ਜਾ ਕੇ ਗੁਰ-ਦੀਖਿਆ ਸਿਖਿਆ, ਗੁਰਮਤਿ ਆਦਿ ਦਿੰਦੇ ਹਨ—

ਘਰਿ ਘਰਿ ਹੋਇ ਬਹਹਿਗੇ ਰਾਮਾ ॥
ਤਿਨ ਤੇ ਸਵਰੇ ਇਕ ਨ ਕਾਮਾ ॥

ਅਤੇ ਇਵੇਂ ਹੀ ਜੋਗੀਆਂ ਸੰਨਿਆਸੀਆਂ ਦਾ ਹਾਲ ਹੈ।

ਜੋਗੁ ਨ ਪਾਇਆ ਜੁਗਤਿ ਗਵਾਈ ॥
ਕਿਤੁ ਕਾਰਣਿ ਸਿਰਿ ਛਾਈ ਪਾਈ ॥੧॥(੧੧)

[ਵਾਰ ਰਾਮਕਲੀ, ਪੰਨਾ ੯੫੧

ਸੁਮਾਜ ਉਤੇ ਕਿਸੇ ਪਾਸੇ ਤੋਂ ਨਜ਼ਰ ਮਾਰ ਲਓ, ਸਮਾਜ ਦਾ ਹਰ ਵਰਗ—ਧਰਮੀ ਕਰਮੀ, ਨੇਮੀ ਪ੍ਰੇਮੀ, ਸਰਕਾਰੀ ਅਫਸਰ ਜਾਂ ਕਰਮਚਾਰੀ, ਜਨ ਸਧਾਰਨ ਅਤੇ ਮਜ਼ਦੂਰ—ਦਾ ਆਚਰਣਕ ਜੀਵਨ ਭ੍ਰਿਸ਼ਟ ਹੋ ਚੁਕਾ ਜਾਪਦਾ ਹੈ।

ਇਸ ਪਤਨ ਦੀ ਤਸਵੀਰ ਨੂੰ ਗੁਰੂ ਨਾਨਕ ਦੇਵ ਜੀ ਨੇ ਆਸਾ ਕੀ ਵਾਰ (੪੬੯-੭੨), ਰਾਮਕਲੀ ਕੀ ਵਾਰ (੯੦੨-੩, ੯੫੧), ਸਾਰੰਗ ਕੀ ਵਾਰ (੧੨੪੨), ਗਉੜੀ ਰਾਗ (੨੨੯), ਧਨਾਸਰੀ ਰਾਗ (ਪੰਨਾ ੬੬੨) ਵਿਚ ਜਿਵੇਂ ਚਿਤਰਿਆ ਹੈ, ਤਸਵੀਰ ਅਗੇ ਨਾਲੋਂ ਵਧੇਰੇ ਨਿਖਰਦੀ ਗਈ ਹੈ। ਆਸਾ ਕੀ ਵਾਰ ਵਿਚ "ਕੂੜੁ ਰਾਜਾ ਕੂੜੁ ਪਰਜਾ" ਤੋਂ ਚਿਤਰ ਅਰੰਭ ਹੁੰਦਾ ਹੈ। "ਲਬੁ ਪਾਪੁ ਦੁਇ ਰਾਜਾ ਮਹਤਾ" ਅਤੇ "ਅੰਧੀ ਰਯਤਿ ਗਿਆਨ ਵਿਹੂਣੀ" ਤਕ ਚਿਤਰ ਵਿਚ ਕਾਲੇ ਪੀਲੇ ਰੰਗ ਉਘੜਦੇ ਦਿਸਦੇ ਹਨ। ਰਾਮਕਲੀ ਵਿਚ ਤਾਂ ਭਾਵੇਂ 'ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ"† ਦੇ ਵਿਸ਼ਾਲ ਚਿਤਰ-ਪਟ ਉਤੇ, ਇਸ ਚਿਤਰ ਵਿਚ ਇਕ ਹੋਰ ਰੰਗ ਭਰੀਂਦਾ ਦਿਸਦਾ ਹੈ—

ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ ॥ ਜੇ ਕੋ ਨਾਉ ਲਏ ਬਦਨਾਵੀ ਕਲਿ ਕੇ

† ਰਾਮਕਲੀ ਮ: ੧ ਅਸਟ:, ਪੰਨਾ ੯੦੨

www.AKJ.Org

ਲਖਣ ਏਹੀ ॥੩॥ [ਪੰ: ੯੦੨

ਭਾਵ ਪਾਪੀ ਤਾਂ ਪਾਪ ਕਰਦੇ ਹੀ ਹਨ, ਪਰ ਸਤਿ-ਪੁਰਖਾਂ ਨੂੰ ਭਗਤੀ ਵਿਚ ਰੁਕਾਵਟ ਪੈਣੀ, ਇਕ ਅਜੀਬ ਲਛਣ ਹੈ, ਜੋ ਕੇਵਲ ਕਲਜੁਗ ਦੀ ਵਿਸ਼ੇਸ਼ਤਾ ਹੈ। ਸ਼ਾਇਦ ਇਹ ਇਸ ਕਰਕੇ ਹੈ ਕਿ ਭਗਤੀ ਕਰਨ ਵਾਲੇ ਨੂੰ ਆਪਣੀ ਸਾਧਨਾ ਵਿਚ ਬਾਵਜੂਦ ਰੁਕਾਵਟਾਂ ਦੇ, ਦ੍ਰਿੜ੍ਹ ਕੀਤਾ ਜਾ ਸਕੇ।

ਸਾਰੰਗ ਕੀ ਵਾਰ ਵਿਚ "ਰੰਨਾ ਹੋਈਆਂ ਬੋਧੀਆਂ ਪੁਰਸ ਹੋਏ ਸਈਆਦ" ਦਾ ਨਵਾਂ ਰੰਗ ਭਰ ਕੇ ਚਿਤਰ ਵਿਚ ਕਾਮ ਰੂਪ ਦਾ ਘੇਰਾ ਦਰਸਾਇਆ ਗਿਆ ਹੈ ਕਿ ਕਿਵੇਂ ਅਨਜਾਣ ਇਸਤ੍ਰੀ ਜਾਤੀ ਸ਼ਿਕਾਰੀ ਪੁਰਸ਼ਾਂ ਦੇ ਅੱਡੇ ਚੜ੍ਹ ਕੇ ਸ਼ੋਸ਼ਿਤ ਹੋ ਰਹੀ ਹੈ, ਭਾਵੇਂ ਇਹ ਉਸ ਦੀ ਅਗਿਆਨਤਾ ਹੈ ਕਿ ਉਹ ਇਸ ਵਿਚ ਆਪਣੇ ਆਪ ਦੀ ਵਡਿਆਈ ਸਮਝਦੀ ਹੈ। ਕਿਉਂਕਿ "ਸਰਮੁ ਗਇਆ ਘਰਿ ਆਪਣੈ ਪਤਿ ਉਠਿ ਚਲੀ ਨਾਲਿ ॥" (ਪੰਨਾ ੧੨੪੨)

ਬਿਹਾਗੜੇ ਕੀ ਵਾਰ ਵਿੱਚ ਗੁਰੂਦੇਵ ਨੂੰ ਇਸ ਸ਼੍ਰਿਸ਼ਟੀ ਦੇ ਪੁਰਖ ਇਸਤ੍ਰੀਆਂ ਅਤੇ ਉਨ੍ਹਾਂ ਦੇ ਬੱਚੇ ਸਾਧਾਰਨ ਮਨੁਖ ਨਹੀਂ ਲਗਦੇ, ਸਗੋਂ ਉਹ ਜਿੰਨ ਭੂਤ ਅਤੇ ਚੁੜੇਲਾਂ ਦੀ ਸ਼ਕਲ ਦੇ ਬੰਦੇ ਮਾਲੂਮ ਹੁੰਦੇ ਹਨ—

ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ ॥
ਪੁਤੁ ਜਿਨੂਰਾ, ਧੀਅ ਜਿੰਨੂਰੀ,
ਜੋਰੂ ਜਿੰਨਾ ਦਾ ਸਿਕਦਾਰੁ ॥੧।(੨੦)

[ਸਲੋਕ ਮ: ੧, ਬਿਹਾਗੜੇ ਕੀ ਵਾਰ, ਪੰ: ਪ੫੬

ਕਲਜੁਗੀ ਸਮਾਜ ਦੀ ਤਸਵੀਰ "ਕੂੜੁ ਰਾਜਾ ਕੂੜੁ ਪਰਜਾ" ਤੋਂ ਲੈ ਕੇ ਜਿੰਨ-ਭੂਤਾਂ ਦੀ ਤਸਵੀਰ ਬਣਦੀ ਦਿਸ ਪੈਂਦੀ ਹੈ, ਜਿਸ ਵਿੱਚ "ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ ॥"

[ਵਾਰ ਸਾਰੰਗ, ਪੰਨਾ ੧੨੪੨

ਇਨ੍ਹਾਂ ਜਿੰਨਾਂ ਭੂਤਾਂ ਦੇ ਮੂੰਹ 'ਕੁਤੇ ਮੁਹੀ' ਹਨ, ਜੋ ਲਾਲਚ ਨਾਲ ਹਲਕਾਏ ਪਏ ਦਿਸਦੇ ਹਨ।

ਮਲ੍ਹਾਰ ਕੀ ਵਾਰ ਵਿੱਚ ਗੁਰੂ ਅਮਰਦਾਸ ਜੀ ਇਸ ਚਿਤਰ ਦਾ ਜੋ ਸਮੁੱਚਾ ਰੰਗ ਭਰਦੇ ਹਨ, ਉਹ ਇਉਂ ਹੈ :—

ਕਲਿਜੁਗ ਮਹਿ ਘੋਰ ਅੰਧਾਰੁ ਹੈ
ਮਨਮੁਖ ਰਾਹੁ ਨ ਕੋਇ ॥ (ਪੰਨਾ ੧੨੮੫)

ਚਿਤਰ ਦੇ ਚੌਗਿਰਦ ਘੋਰ ਸਿਆਹ ਰੰਗ ਕੀਤਾ ਹੋਇਆ ਦਿਸ ਰਿਹਾ ਹੈ, ਪਰ ਨਿਰਾਸ਼ ਹੋਣ ਦੀ ਕੋਈ ਗੱਲ ਨਹੀਂ, ਅਗਲੀ ਤੁਕ ਵਿਚ ਹੀ ਆਸਾ ਦੀ ਕਿਰਨ ਇਸ ਘੋਰ ਅੰਧਕਾਰ ਨੂੰ ਚੀਰ ਕੇ ਧਰਤੀ ਤੇ ਆ ਪੈਂਦੀ ਦਿਸਦੀ ਹੈ ਕਿ ਉਹ ਵਡਭਾਗੇ ਪੁਰਸ਼ ਹੁੰਦੇ ਹਨ ਜਿਨ੍ਹਾਂ ਨੂੰ ਕਲਿਜੁਗ ਵਿਚ ਭੀ ਗੁਰੂ ਰਾਹੀਂ ਅਕਾਲੀ ਜੋਤਿ ਪਰਗਟ ਹੋ ਪੈਂਦੀ ਹੈ।

ਸੇ ਵਡਭਾਗੀ ਨਾਨਕਾ
ਜਿਨ ਗੁਰਮੁਖਿ ਪਰਗਟੁ ਹੋਇ। ॥੧੮॥

[ਮ: ੩, ਵਾਰ ਮਲਾਰ, ਪੰਨਾ ੧੨੮੫

ਕਲਜੁਗੀ ਦਸ਼ਾ ਦੇ ਚਿਤਰ ਵਿਚ ਵਿਕਾਸ ਦੀ ਰਾਹ ਉਤੇ ਸਪੱਸ਼ਟਤਾ ਪਰਤੀਤ ਹੁੰਦੀ ਹੈ। ਇਸ ਨੂੰ ਗੁਰੂ ਨਾਨਕ ਦੇਵ ਜੀ ਨੇ "ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ" ਤੋਂ ਅਰੰਭ ਕੀਤਾ, ਅਤੇ ਕਈ ਕਿਸਮ ਦੇ ਦ੍ਰਿਸ਼ਟਾਂਤਾਂ ਰਾਹੀਂ ਇਸ ਨੂੰ ਇਕ ਭਰਪੂਰ ਵਿਸ਼ੇ ਦਾ ਰੂਪ ਦਿਤਾ। ਗੁਰੂ ਰਾਮਦਾਸ ਜੀ ਨੇ ਆਸਾ ਰਾਗ ਵਿਚ (ਪੰਨਾ ੪੪੫-੪੬) ਤੇ ਇਸ ਸੰਕਲਪ ਨੂੰ ਹੋਰ ਵਧੇਰੇ ਸਪੱਸ਼ਟ ਕੀਤਾ ਹੈ।

ਭਗਤਾਂ ਦੀ ਬਾਣੀ ਅੰਦਰ ਕਬੀਰ ਸਾਹਿਬ ਨੂੰ ਜਦੋਂ ਕਲਜੁਗ ਦੀ ਅਗਨੀ ਦਾ ਸੇਕ ਲਗਾ ਤਾਂ ਉਹ ਪੁਕਾਰ ਉਠੇ :—

ਊਪਰਿ ਭੁਜਾ ਕਰਿ ਮੈ ਗੁਰ ਪਹਿ ਪੁਕਾਰਿਆ,
ਤਿਨਿ ਹਉ ਲੀਆ ਉਬਾਰੀ ॥੧॥ਰਹਾਉ॥

[ਸੂਹੀ ਕਬੀਰ ਜੀ, ਪੰਨਾ ੭੯੩

ਜਾਂ ਉਨ੍ਹਾਂ ਦੇ ਇਕ ਹੋਰ ਸ਼ਬਦ ਵਿਚ ਭੀ ਕੁਝ ਇਹੋ ਜਿਹਾ ਵਰਨਣ ਮਿਲਦਾ ਹੈ—

ਦੇਹੀ ਗਾਵਾ ਜੀਉ ਧਰ ਮਹਤਉ ਬਸਹਿ ਪੰਚ ਕਿਰਸਾਨਾ ॥ ਨੈਨੂ ਨਕਟੂ ਸ੍ਰਵਨੂ ਰਸਪਤਿ, ਇੰਦ੍ਰੀ ਕਹਿਆ ਨ ਮਾਨਾ ॥੧॥ ਬਾਬਾ ਅਬ ਨ ਬਸਉ ਇਹ ਗਾਉ ॥ ਘਰੀ ਘਰੀ ਕਾ



www.AKJ.Org

ਲੇਖਾ ਮਾਗੈ, ਕਾਇਥੁ ਚੇਤੂ ਨਾਉ ॥੧॥ਰਹਾਉ॥ ਧਰਮਰਾਇ ਜਬ ਲੇਖਾ ਮਾਗੈ ਬਾਕੀ ਨਿਕਸੀ ਭਾਰੀ ॥ ਪੰਚ ਕ੍ਰਿਸਾਨ ਵਾ ਭਾਗਿ ਗਏ ਲੈ ਬਾਧਿਓ ਜੀਉ ਦਰਬਾਰੀ। ੨॥

ਕਹੈ ਕਬੀਰੁ ਸੁਨਹੁ ਹੇ ਸੰਤਹੁ ਖੇਤ ਹੀ ਕਰਹੁ ਨਿਬੇਰਾ ॥ ਅਬ ਕੀ ਬਾਰ ਬਖਸਿ ਬੰਦੇ ਕਉ ਬਹੁਰਿ ਨ ਭਉਜਲਿ ਫੇਰਾ ॥੩॥੭।

(ਮਾਰੂ ਕਬੀਰ ਜੀਉ, ਪੰਨਾ ੧੧੦੪

ਕਬੀਰ ਸਾਹਿਬ ਤਾਂ ਭੁਜਾ (ਬਾਹਵਾਂ) ਉਪਰ ਕਰ ਕੇ ਪ੍ਰਭੂ ਪਾਸੋਂ ਸਹਾਇਤਾ ਮੰਗਦੇ ਹਨ। ਅਤੇ ਰਾਗ ਮਾਰੂ ਵਿਚ ਤਾਂ "ਅਬ ਨ ਬਸਉ ਇਹ ਗਾਉ" ਦਾ ਫੈਸਲਾ ਕਰ ਦਿੰਦੇ ਹਨ। ਪਰ ਗੁਰੂ ਅਰਜਨ ਦੇਵ ਜੀ ਆਸਾ ਰਾਗ ਵਿਚ ਫੁਰਮਾਂਦੇ ਹਨ ਕਿ ਇਹੋ ਜਿਹੇ ਘੋਰ ਕਲਿਜੁਗ ਵਿਚ ਕਿਵੇਂ ਇਕ ਜੀਵਾ-ਤਮਾ ਲਈ ਸਾਬਤ ਰਹਿਣਾ ਸੰਭਵ ਹੈ—

ਕਾਜਰ ਕੋਠ ਮਹਿ ਭਈ ਨ ਕਾਰੀ ਨਿਰਮਲ ਬਰਨੁ ਬਨਿਓ ਰੀ ॥ ਮਹਾ ਮੰਤ੍ਰ ਗੁਰ ਹਿਰਦੈ ਬਸਿਓ ਅਚਰਜ ਨਾਮੁ ਸੁਨਿਓ ਰੀ ॥੩॥((੫੧)

[ਆਸਾ ਮ: ੫, ਪੰਨਾ ੩੮੪

ਇਸ ਕਜਲ-ਕਾਲੇਂ ਕੋਠੇ ਵਿਚ ਰਹਿੰਦਿਆਂ ਕਾਲਖ ਨਹੀਂ ਲਗਦੀ, ਨਾ ਸੇਕ ਲਗ ਸਕਦਾ ਹੈ ਜੇ ਗੁਰੂਦੇਵ ਦੇ ਮਹਾਂ ਮੰਤਰ ਦਾ ਸੁਆਸ ਸੁਆਸ ਅਭਿਆਸ ਹੋਵੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਿਖ ਸੰਗਤਾਂ "ਕਲਿਜੁਗ ਦਾ ਜਹਾਜ਼" ਦੀ ਉਪਮਾ ਭੀ ਦਿੰਦੇ ਹਨ। ਇਸ ਦੀ ਸਾਰੀ ਬਾਣੀ ਵਿਚ ਨਾਮ ਜਪਣਾ ਹੀ ਦ੍ਰਿੜ ਕਰਵਾਇਆ ਗਿਆ ਹੈ। ਗੁਰੂ ਅਮਰਦਾਸ ਜੀ ਨੇ ਬਿਲਾਵਲ ਰਾਗ ਵਿਚ ਬੜੇ ਵਿਲੱਖਣ ਢੰਗ ਨਾਲ ਆਖਿਆ ਹੈ ਕਿ ਕਿਵੇਂ ਕਲਿਜੁਗ ਵਿਚ ਨਾਮ ਦੀ ਮਹਿਮਾ ਹੈ—

ਚਹੁ ਜੁਗਾ ਕਾ ਹੁਣਿ ਨਿਬੇੜਾ, ਨਰ ਮਨੁਖਾਂ ਕੋ ਏਕੁ ਨਿਧਾਨਾ ॥ ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ, ਕਲਿ ਮਹਿ ਕੀਰਤਿ ਹਰਿ ਨਾਮਾ ॥੨॥ ਜੁਗਿ ਜੁਗਿ ਆਪੋ ਆਪਣਾ ਧਰਮੁ ਹੈ ਸੋਧਿ ਦੇਖਹੁ ਬੇਦ ਪੁਰਾਨਾ ॥ ਗੁਰਮੁਖਿ ਜਿਨੀ ਧਿਆਇਆ ਹਰਿ ਹਰਿ ਜਗਿ ਤੇ ਪੂਰੇ ਪਰਵਾਨਾ ॥੩॥

[ਬਿਲਾਵਲੁ ਮ: ੩, ਪੰਨਾ ੭੯੭-੯੮

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਬਸੰਤ ਰਾਗ ਵਿਚ ਕਲਜੁਗੀ ਢਾਹ ਦਾ ਵਰਨਣ ਕਰਦੇ ਹੋਏ ਸਪੱਸ਼ਟ ਕਰਦੇ ਹਨ ਕਿ ਢਾਹ ਦੋ ਪ੍ਰਕਾਰ ਦੀ ਹੈ: ਮਨੁਖ ਆਪਣਾ ਕਰਮ ਧਰਮ ਛੱਡ ਕੇ ਗੈਰ-ਜ਼ਿਮੇਵਾਰ, ਅਧਰਮੀ ਤੇ ਕੁਕਰਮੀ ਬਣ ਗਿਆ ਹੈ। ਇਹ ਮਨੁੱਖ ਲਈ ਸ੍ਵੈ-ਢਾਹ ਹੈ (Sel-erosion)। ਅਤੇ ਦੂਜੇ ਬੰਨੇ ਸਮੁਚੇ ਸਮਾਜ ਵਿਚ ਦੁਰਾਚਾਰ, ਠੱਗੀ, ਅਨਿਆਂ, ਸ਼ੋਸ਼ਨ ਅਤੇ ਅਤਿਆਚਾਰ ਸੰਕੇਤ ਕਰਦਾ ਹੈ ਕਿ ਸਮਾਜਕ ਪੱਧਰ ਤੇ ਭੀ ਢਾਹ ਲਗੀ ਹੋਈ ਹੈ। ਇਹਨਾਂ ਦੋਹਾਂ ਅਵਸਥਾਵਾਂ ਵਿਚ ਗੁਰੂ-ਦੇਵ ਜੀ ਨੇ ਇਕੋ ਹੀ ਹਲ ਦਸਿਆ ਹੈ—

ਅਬ ਕਲੂ ਆਇਓ ਰੇ ॥

ਇਕੁ ਨਾਮੁ ਬੋਵਹੁ ਬੋਵਹੁ ॥

[ਬਸੰਤ ਮ: ੫, ਪੰਨਾ ੧੧੮੫

## ਸਰਾਭਾ (ਲੁਧਿਆਣਾ) ਵਿਖੇ ਰੈਣ ਸਬਾਈ ਕੀਰਤਨ

ਮਾ: ਭਰਪੂਰ ਸਿੰਘ ਜੀ ਗਿਆਨੀ ਸੁਧਾਰ ਵਾਲੇ ਇਤਲਾਹ ਦਿੰਦੇ ਹਨ ਕਿ ਉਨ੍ਹਾਂ ਦੇ ਗ੍ਰਹਿ ਪਿੰਡ ਸਰਾਭਾ ਵਿਖੇ ੧੪ ਜੁਲਾਈ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ ਜਿਸ ਵਿਚ ਗੁਰੂ ਸੰਵਾਰੇ ਕੀਰਤਨੀ ਗੁਰੂ ਕੇ ਲਾਲ ਦੂਰੋਂ ਨੇੜਿਓਂ ਉਚੇਚੇ ਤੌਰ ਤੇ ਪੁਜ ਰਹੇ ਹਨ। ਗੁਰਸਿਖ ਸੰਗਤਾਂ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨ।

ਨੋਟ :—ਲੁਧਿਆਣਾ ਬਸ ਸਟੈਂਡ ਦੇ ਨੰ: ੧੪ ਤੋਂ ਰਾਇ ਕੋਟ, ਬਰਨਾਲਾ, ਪਖੋਵਾਲ, ਭੈਣੀ ਦਰੇੜਾ ਤੇ ਬੜੂੰਦੀ ਨੂੰ ਪਖੋਵਾਲ ਦੇ ਰਸਤੇ ਜਾਣ ਵਾਲੀਆਂ ਬਸਾਂ ਪਿੰਡ ਸਰਾਭਾ ਵਿਚੋਂ ਜਾਂਦੀਆਂ ਹਨ। ਪੁਲ ਸੁਧਾਰ ਵਿਚ ਦੀ ਆਉਣ ਵਾਲੀਆਂ ਸੰਗਤਾਂ ਲਈ ਸਤ ਵਜੇ ਸ਼ਾਮ ਤਕ ਬਸ ਸਟੈਂਡ ਤੇ ਟਰਾਲੀ ਦਾ ਪਰਬੰਧ ਹੋਵੇਗਾ।

**ਪਾਠਕ ਜੀ**—ਚਿੱਠੀ ਪੱਤਰ ਸਮੇਂ ਆਪਣਾ ਚਿਟ ਨੰਬਰ ਜ਼ਰੂਰ ਲਿਖੋ, ਜੋ ਅਸੀਂ ਹਰ ਮਹੀਨੇ ਤੁਹਾਡੇ

www.AKJ.Org

# ਸਿੱਖੀ ਦਾ ਚਿਰਾਗ਼ ਰੌਸ਼ਨ ਰਹੇ !

[ ਵਲੋਂ ਸ: ਅਮਰ ਸਿੰਘ ਜੀ ਦੁਸਾਂਝ ]

ਤੁਅੱਸਬ ਦੇ ਅਧੀਨ ਨਹੀਂ, ਫਿਰਕੂ ਸੋਚ ਅਨੁਸਾਰ ਨਹੀਂ, ਅਭਿਮਾਨ ਦੇ ਤਕਾਜ਼ੇ ਦੇ ਤੌਰ ਤੇ ਨਹੀਂ, ਅਤਿ ਨਿਮ੍ਰਤਾ ਤੇ ਅਧੀਨਗੀ ਸਹਿਤ ਬੇਨਤੀ ਕਰਨੀ ਚਾਹੁੰਦੇ ਹਾਂ ।

ਸਿਖੀ ਵਾਹਿਗੁਰੂ ਦਾ ਤੁਹਫਾ ਹੈ, ਜੋ ਮਾਨਵ-ਸਮਾਜ ਦੇ ਸ਼ਿੰਗਾਰ-ਟੇਬਲ ਤੇ ਸਤਿਗੁਰਾਂ ਨੇ ਰੀਝ ਸਹਿਤ ਸੁਭਾਇਮਾਨ ਕੀਤਾ ।

ਸਵੈ-ਪੜਚੋਲ ਕਰਨ ਤੇ ਪਤਾ ਲਗਦਾ ਹੈ, ਸੰਖਿਆ ਅਤੇ ਕੁਆਲਟੀ ਦੋਹਾਂ ਹੀ ਪੱਖਾਂ ਤੋਂ ਅਸੀਂ ਰਸਾਤਲ ਵਲ ਜਾ ਰਹੇ ਹਾਂ ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੁਣੀ ਗਈ, ਸਮੂਹ ਮੈਂਬਰਾਂ ਨੂੰ ਅਸੀਂ ਮੁਬਾਰਿਕ ਅਰਜ਼ ਕਰਦੇ ਹਾਂ ।

ਪ੍ਰੰਤੂ ਇਸ ਦੇ ਨਾਲ ਹੀ ਇਹ ਕਹਿਣਾ ਚਾਹੁੰਦੇ ਹਾਂ ਕਿ ਧਰਮ ਦੇ ਖੇਤਰ ਵਿਚ ਉਨ੍ਹਾਂ ਦੀ ਜ਼ਿੰਮੇ-ਵਾਰੀ ਅਧਿਕ ਹੋ ਗਈ ਹੈ।

ਸੱਚਾਈ ਇਹ ਹੈ ਕਿ ਅੱਜ ਪਿੰਡਾਂ ਵਿਚ ਧਰਮ ਦਾ ਅਭਾਵ ਹੋ ਰਿਹਾ ਹੈ। ਨੌਜਵਾਨ ਪੀੜ੍ਹੀ ਨਸ਼ਿਆਂ ਦੀ ਵਰਤੋਂ ਵਿਚ ਗ਼ਲਤਾਨ ਹੈ।

ਡੋਡੇ, ਅਫੀਮ ਦਾ ਬੋਲਬਾਲਾ ਹੈ, ਸ਼ਰਾਬ ਪਾਣੀ ਨਾਲੋਂ ਵਧੀਕ ਅਹਿਮੀਅਤ ਧਾਰਨ ਕਰ ਗਈ ਹੈ ।

ਜੋ ਕੌਮੀ ਜੀਵਨ ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ, ਭਾਈ ਸ਼ਾਹਬਾਜ਼ ਸਿੰਘ ਅਤੇ ਭਾਈ ਸੁਬੇਗ ਸਿੰਘ ਸਮੇਂ ਸੀ,ਉਸ ਦੀ ਕਣੀ ਵੀ ਸਾਡੇ ਵਿਚ ਨਹੀਂ।

ਇਸ ਵੀਹਵੀਂ ਸਦੀ ਅੰਦਰ ਗੁਰਦਵਾਰਾ ਜਨਮ-ਅਸਥਾਨ ਸ੍ਰੀ ਨਨਕਾਣਾ ਸਾਹਿਬ ਦੀ ਪਵਿਤਰਤਾ ਲਈ ਛਾਤੀਆਂ ਵਿਚ ਗੋਲੀਆਂ ਖਾਣ ਵਾਲੇ ਅਤੇ ਸ੍ਰੀ ਪੰਜਾ ਸਾਹਿਬ ਦੇ ਸਟੇਸ਼ਨ ਤੇ ਗੱਡੀ ਦੇ ਇੰਜਣ ਨੂੰ ਚੈਲਿੰਜ ਕਰਨ ਵਾਲੇ ਧਰਮੀ ਸੂਰਮੇ ਅੱਜ ਸਾਡੇ ਵਿਚ ਵਿਰਲੇ ਹੀ ਹਨ । ਯਾਦ ਰਖੋ, ਅਸਲ ਸੂਰਮਾ ਧਰਮੀ ਹੀ ਹੋ ਸਕਦਾ ਹੈ । ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ ਜਿਹੇ ਨਾਮ-ਰਸੀਏ ਤੇ ਬ੍ਰਹਮ ਗਿਆਨੀਆਂ ਦਾ ਭੀ ਕਾਲ ਹੈ ।

ਸਿੱਖੀ ਤੇ ਫ਼ਖ਼ਰ ਕਰਨ ਵਾਲੀ ਸੁੰਦਰ ਮਰਯਾਦਾ ਮੱਧਮ ਪੈ ਰਹੀ ਹੈ, ਪਿੰਡਾਂ ਵਿਚ ਭਰਾ-ਮਾਰੂ ਭਿਆਨਕ ਲੜਾਈਆਂ ਹੋ ਰਹੀਆਂ ਹਨ । ਸਾਡਾ ਆਚਰਨ ਅਤਿ ਨੀਵਾਂ ਹੁੰਦਾ ਜਾ ਰਿਹਾ ਹੈ ।

ਇਸ ਦਾ ਇਲਾਜ ਹੈ, ਪਰ ਕਰਨ ਲਈ ਕੋਈ ਵਰਨਣਯੋਗ ਉੱਦਮ ਨਹੀਂ ਹੋ ਰਿਹਾ ।

ਇਹ ਪੰਜਾਬੀ ਬੋਲਦੇ ਇਲਾਕੇ ਤੇ ਚੰਡੀਗੜ੍ਹ ਤਸ਼ਤਰੀ ਵਿਚ ਪਾ ਕੇ ਦਿਲੀ ਤੁਹਾਡੇ ਚਰਨਾਂ ਵਿਚ ਰਖੇਗੀ, ਜੇ ਤੁਸੀਂ ਸ਼ਬਦ ਦੇ ਸਹੀ ਅਰਥਾਂ ਵਿਚ ਸੰਤ ਸਿਪਾਹੀ ਬਣ ਕੇ ਜਗਤ ਨੂੰ ਅਸਚਰਜ ਕਰਨ ਦੀ ਸਮਰੱਥਾ ਪੈਦਾ ਕਰ ਸਕੋ ।

ਇਹ ਦੁਨੀਆ ਝੁਕਦੀ ਹੈ, ਝੁਕਾਉਣ ਵਾਲਾ ਚਾਹੀਦਾ ਹੈ । ਝੁਕਾਉਣ ਦੀ ਤਾਕਤ ਤੇ ਸ਼ਕਤੀ ਉਨ੍ਹਾਂ ਲੋਕਾਂ ਵਿਚ ਹੋ ਸਕਦੀ ਹੈ, ਜੋ ਅੰਮ੍ਰਿਤ ਦੇ ਰਸੀਏ ਅਤੇ ਗੁਰੂ ਗਰੰਥ ਸਾਹਿਬ ਦੇ ਪ੍ਰੀਤਵਾਨ ਹੋਣ ।

ਅਸੀਂ ਅਨਹੋਣੀਆਂ ਤੇ ਅਲੋਕਾਰ ਗੱਲਾਂ ਅੰਕਿਤ ਨਹੀਂ ਕਰ ਰਹੇ, ਗੁਰੂ ਗੋਬਿੰਦ ਸਿੰਘ ਸਾਹਿਬ ਨੇ ਚਾਲੀ ਸਿੰਘਾਂ ਸੈਨਿਕਾਂ ਦਾ ਮੁਖ ਸੈਨਾਪਤੀ ਬਣ ਕੇ ਚਮਕੌਰ ਸਾਹਿਬ ਅੰਦਰ ਦਸ ਲੱਖ ਨਾਲ ਧਰਮ-ਯੁੱਧ ਕੀਤਾ । ਬਦੀ ਵਿਰੁਧ ਨੇਕੀ ਦੀ ਤਲਵਾਰ ਸਦੀਵ ਚਲਦੀ ਰਹੀ ਹੈ । ਅੰਮ੍ਰਿਤਸਰ ਸਾਵਧਾਨ ਹੋਵੇ, ਸ਼ੈਤਾਨੀ ਤਾਕਤਾਂ ਭਾਰੀ ਸੰਖਿਆ ਵਿਚ



www.AKJ.Org

ਨਿੱਕੀ ਜਿਹੀ ਸਿਖ ਕੌਮ ਵਿਰੁਧ ਸਾਜ਼ਿਸ਼ਾਂ ਦਾ ਮਕੜੀ-ਜਾਲ ਤਣ ਰਹੀਆਂ ਹਨ। ਭਾਈ ਦਇਆ ਸਿੰਘ ਅਤੇ ਪੰਜਾਂ ਪਿਆਰਿਆਂ ਦਾ ਥਾਪੜਾ ਪ੍ਰਾਪਤ ਸਿੰਘੋ ! ਅਸਾਂ ਉਸ ਚਿਰਾਗ ਨੂੰ ਜਲਦਾ ਰਖਣ ਲਈ ਸੇਵਾ ਤੇ ਸਿਮਰਨ ਦਾ ਤੇਲ ਪਾਉਣਾ ਹੈ, ਜੋ ਗੁਰੂ ਨਾਨਕ ਨੇ ਰੌਸ਼ਨ ਕੀਤਾ। ਗੁਰੂ ਗਬਿੰਦ ਸਿੰਘ ਨੇ ਸੰਸਾਰ ਦੇ ਹਨੇਰਿਆਂ ਨੂੰ ਦੂਰ ਕਰਨ ਲਈ ਇਸ ਦੀ ਰੌਸ਼ਨੀ ਨਾਲ ਵਿਸ਼ਵ-ਸੰਸਾਰ ਨੂੰ ਪ੍ਰਜਵਲਿਤ ਕਰਨ ਹਿਤ ਮਹਾਨ ਕੁਰਬਾਨੀ ਦਿਤੀ।

( ੨ )

ਸ਼੍ਰੋਮਣੀ ਕਮੇਟੀ ਇਕ ਪ੍ਰਤੀਨਿਧ ਧਾਰਮਿਕ ਜਥੇਬੰਦੀ ਹੈ। ਇਸ ਉਤੇ ਹਰ ਇਕ ਗੁਰੂ ਕੇ ਸਿਖ ਪ੍ਰਤੀ ਫ਼ਖ਼ਰ ਤੇ ਅਪਣੱਤ ਦਾ ਅਹਿਸਾਸ ਪੈਦਾ ਕਰਨਾ, ਸ਼੍ਰੋਮਣੀ ਕਮੇਟੀ ਦੀ ਵਿਧਾਨਕ ਜ਼ਿੰਮੇਵਾਰੀ ਹੈ।

ਸ਼ਬਦ ਪੰਥ ਨਿਰਮਲ ਹੈ, ਨਿਰਭਉ ਤੇ ਨਿਰਵੈਰ ਹੈ। ਇਸ ਦੀ ਦੁਰਵਰਤੋਂ ਜੇ ਕੋਈ ਵਿਅਕਤੀ ਅਥਵਾ ਗਰੁਪ ਆਪਣੇ ਨਿਜੀ ਸੁਆਰਥਾਂ ਲਈ ਕਰਦਾ ਹੈ, ਤਾਂ ਇਹ ਪਾਪ ਹੈ।

ਪੰਥ ਬਾਰੇ ਸਾਡੇ ਧਰਮ ਗ੍ਰੰਥ ਬੋਲਦੇ ਹਨ—

ਲਹਣੈ ਪੰਥੁ ਧਰਮ ਕਾ ਕੀਆ ॥
ਅਮਰਦਾਸ ਭਲੇ ਕਉ ਦੀਆ ॥

[ਭਟਾਂ ਦੇ ਸਵਈਏ, ਪੰਨਾ ੧੪੦੧

ਪੰਥ ਧਰਮ ਉਤੇ ਆਧਾਰਿਤ ਹੈ। ਗੁਰੂ ਗ੍ਰੰਥ ਸਾਹਿਬ ਇਸ ਦਾ ਓਟ ਆਸਰਾ ਹੈ, ਜਿਸ ਦਾ ਫੁਰਮਾਨ ਹੈ :—

ਉਪਦੇਸੁ ਚਹੁ ਵਰਨਾ ਕਉ ਸਾਂਝਾ ॥

[ਸੂਹੀ ਮ: ੫, ਪੰਨਾ ੭੪੭

ਕੋਈ ਪਾਰਟੀ ਸੁਚੱਜੀ ਵੀ ਹੋਵੇ, ਉਹ ਪੰਥ ਨਹੀਂ ਸਦਵਾ ਸਕਦੀ, ਅਥਵਾ ਬਣ ਸਕਦੀ, ਜੇ ਉਸ ਵਿਚ ਵਿਤਕਰੇ ਤੇ ਨਫ਼ਰਤ ਦੀ ਭਾਵਨਾ ਹੋਵੇ। ਪੰਥ ਪਿਆਰ ਹੈ, ਪਾਰਟੀ ਅਥਵਾ ਧੜੇ ਦੀ ਸੋਚ ਪੰਥ ਦੀ ਸੋਚ ਨਹੀਂ।

ਸਾਡੀ ਦਸ਼ਾ ਇਹ ਹੈ ਕਿ ਅਸੀਂ ਵਿਉਪਾਰੀ ਬਣ ਗਏ ਹਾਂ, ਪਿਉ-ਦਾਦੇ ਦੇ ਖ਼ਜ਼ਾਨੇ ਨੂੰ ਭੋਰ ਭੋਰ ਕੇ ਖਾ ਰਹੇ ਹਾਂ, ਆਪਣੇ ਵਲੋਂ ਇਸ ਪੂੰਜੀ ਵਿਚ ਕਿਸੇ ਪ੍ਰਕਾਰ ਦਾ ਵਾਧਾ ਕਰਨ ਦਾ ਯਤਨ ਨਹੀਂ ਕਰਦੇ।

ਹੁਕਮ ਹੈ :—

ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ ॥ਰਹਾਉ॥

[ਗੂਜਰੀ ਮ: ੫, ਪੰਨਾ ੪੯੫

ਦੁਨੀਆ ਦੀਆਂ ਕਈ ਤਹਿਜ਼ੀਬਾਂ ਸੰਸਾਰ ਵਿਚੋਂ ਗ਼ਲਤ ਅੱਖਰ ਵਾਂਗੂ ਮਿਟ ਗਈਆਂ।

ਸਾਡੀ ਤਹਿਜ਼ੀਬ ਗੁਰੂ ਗ੍ਰੰਥ ਸਾਹਿਬ ਉਤੇ ਅਧਾ-ਰਿਤ, ਅਰਥ ਸ਼ਬਦ ਉਤੇ ਉਸਾਰੀ ਹੋਈ ਦਸ-ਮੰਜ਼ਲੀ ਆਲੀਸ਼ਾਨ ਬਿਲਡਿੰਗ ਹੈ, ਇਸ ਲਈ ਕੋਈ ਝੱਖੜ ਅਥਵਾ ਤੂਫਾਨ ਇਸ ਨੂੰ ਹਾਨੀ ਨਹੀਂ ਪਹੁੰਚਾ ਸਕਦਾ।

ਫਿਰ ਧਰਤੀ ਦੀ ਛਾਤੀ ਉਤੇ ਇਸ ਤਹਿਜ਼ੀਬ ਦੀ ਵਿਚਾਰਧਾਰਾ ਗੁਰੂ ਸਾਹਿਬਾਨ ਨੇ ਲਹੂ-ਭਿੱਜੀ ਸਿਆਹੀ ਨਾਲ ਅੰਕਿਤ ਕੀਤੀ, ਇਸ ਲਈ ਅਮਰ ਤੇ ਚਿਰੰਜੀਵੀ ਹੈ।

ਪਰ ਇਸ ਦੇ ਇਹ ਅਰਥ ਨਹੀਂ, ਕਿ 'ਪਿਦਰਮ ਸੁਲਤਾਨ ਬੂਦ' ਦੇ ਅਖਾਣ ਨਾਲ ਸਾਡਾ ਕਲਿਆਣ ਹੋ ਜਾਏਗਾ। ਸਾਡੇ ਪਿਤਾਂ ਪਿਤਾਮਾ ਨਿਰਸੰਦੇਹ ਪਰਉਪਕਾਰੀ, ਕਰਨੀ ਦੇ ਸੂਰੇ, ਆਤਮਿਕ ਰੂਪ ਵਿਚ ਬਲਵਾਨ ਤੇ ਯੋਧੇ ਸਨ, ਪਰ ਅਸੀਂ ਉਹਨਾਂ ਦੇ ਪਾਏ ਹੋਏ ਪੂਰਨਿਆਂ ਨੂੰ ਵਿਸਰ ਗਏ ! ਉਹਨਾਂ ਦੀਆਂ ਜੀਵਨੀਆਂ ਦੇ ਸ਼ੀਸ਼ੇ ਦੇ ਸਨਮੁਖ ਖੜੋ ਕੇ ਅਸੀਂ ਆਪਣਾ ਮੁਖ ਤੱਕਦੇ ਹਾਂ ਤਾਂ ਲਜਿਆ ਆਉਂਦੀ ਹੈ।

ਅਸੀਂ ਸਿਫ਼ਰ ਤੋਂ ਵੀ ਥੱਲੇ ਹਾਂ। ਸਿੱਖੀ ਸੁਰੱਖਿਅਤ ਰਹਿ ਸਕਦੀ ਹੈ, ਜੇ ਅਸੀਂ ਨਾਮ-ਧਰੀਕ ਦੀ ਬਜਾਏ ਸ਼ਬਦ ਦੇ ਸਹੀ ਅਰਥਾਂ ਵਿਚ ਸਿਖ ਬਣੀਏ। ਸਾਡੀ ਦਸਤਾਰ, ਗੁਫ਼ਤਾਰ ਤੇ ਰਫ਼ਤਾਰ ਵਿਚੋਂ ਸਿੱਖੀ ਡੁਲ੍ਹ ਡੁਲ੍ਹ ਪੈਂਦੀ ਹੋਵੇ, ਇਸ ਦੀ ਨੂਰੀ ਝਲਕ ਉਜਾਗਰ ਹੋਵੇ।

ਸਾਨੂੰ ਸਿੱਖੀ ਦਾ ਗਿਆਨ ਹੋਵੇ, ਤੇ ਸੰਗਤਾਂ ਦੇ

(ਬਾਕੀ ਦੇਖੋ ਸਫ਼ਾ ੧੮ ਹੇਠ)



www.AKJ.Org

# "ਗ੍ਰੰਥ ਗੁਰੂ ਵਿਚਾਰ" ਕਿਤਾਬ ਬਾਰੇ

[ਸ: ਹੁਕਮ ਸਿੰਘ ਜੀ ਦੀ ਕਲਮ ਤੋਂ]

ਕੁਝ ਹੀ ਦਿਨ ਹੋਏ, ਇਕ ਨਿਕੀ ਜਿਹੀ ਕਿਤਾਬ, ਜਿਸ ਦਾ ਨਾਂ "ਗ੍ਰੰਥ ਗੁਰੂ ਵਿਚਾਰ" ਹੈ ਤੇ ਜੋ ਨਾਮਧਾਰੀ ਦਰਬਾਰ ਭੈਣੀ ਸਾਹਿਬ ਜ਼ਿਲਾ ਲੁਧਿਆਣਾ ਦੇ "ਮਹਾਰਾਜ" ਬੀਰ ਸਿੰਘ ਦੀ ਲਿਖੀ ਹੋਈ ਹੈ, ਮੇਰੇ ਦੇਖਣ ਵਿਚ ਆਈ ਹੈ। ਇਸ ਦੀ ਪ੍ਰਕਾਸ਼ਨਾ ਲਈ ਚੁਣਿਆ ਵੇਲਾ ਵਿਸ਼ੇਸ਼ ਤੌਰ ਤੇ ਧਿਆਨ ਗੋਚਰਾ ਹੈ। ਪਿਛਲੇ ਸਾਲ ਭਰ ਤੋਂ ਸਿੱਖ ਪੰਥ 'ਸੰਤ ਨਿਰੰਕਾਰੀ ਮਿਸ਼ਨ' ਵਲੋਂ ਯੋਜਤ ਤੇ ਖੁਲ੍ਹੇ ਕੀਤੇ ਗਏ ਉਨ੍ਹਾਂ ਖੁਲ੍ਹੇ ਹਮਲਿਆਂ ਵਿਚ ਘਿਰਿਆ ਹੋਇਆ ਹੈ ਜੋ ਪੁਰ-ਅਮਨ ਪ੍ਰੋਟੈਸਟ ਕਰਨ ਵਾਲੇ ਸਿੱਖਾਂ ਉਤੇ ਹੋਏ। ਅੰਮ੍ਰਿਤਸਰ, ਕਾਨਪੁਰ ਤੇ ਦਿਲੀ ਵਿਚ ਲਗ ਪਗ ੩੦ ਨਿਰਦੋਸ਼ ਸਿਖ (ਨਕਲੀ) ਨਿਰੰਕਾਰੀਆਂ ਤੇ ਪੁਲੀਸ ਦੀਆਂ ਗੋਲੀਆਂ ਨਾਲ ਸ਼ਹੀਦ ਹੋ ਗਏ, ਇਨ੍ਹਾਂ ਤੋਂ ਬਿਨਾਂ ਕਈ ਵੀਰ ਸਖ਼ਤ ਫਟੜ ਤੇ ਅੰਗਹੀਣ ਹੋ ਗਏ। ਨਿਰੰਕਾਰੀ ਮੰਡਲ ਨੇ ਸਿਖ ਅਧਿਆਤਮਕ ਸ਼ਕਤੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਉਤੇ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਦਸੇ ਮਾਰਗ ਉਤੇ ਗੁਪਤ ਹਮਲੇ ਕਰਨ ਦਾ ਰਸਤਾ ਅਖ਼ਤਿਆਰ ਕਰ ਲਿਆ ਹੈ। ਅਧਿਆਤਮਕ ਸ਼ਕਤੀ ਤੇ ਗੁਰੂ ਗ੍ਰੰਥ ਸਾਹਿਬ ਇਨ੍ਹਾਂ ਦੋਹਾਂ ਸ਼ਕਤੀਆਂ ਨੇ ਸਿੱਖਾਂ ਨੂੰ ਇਕੋ ਮਾਲਾ ਵਿਚ ਪਰੋ ਕੇ ਸਿਖ ਮਤ ਦੇ ਮੂਲ ਰੂਪ ਨੂੰ ਪੱਕਾ, ਅਰੋਗ ਤੇ ਜੋਸ਼ ਵਾਲਾ ਬਣਾਈ ਰਖਿਆ ਹੈ। ਸੰਭਵ ਹੈ ਇਹ ਲੜਾਈ ਕੁਝ ਚਿਰ ਹੋਰ ਲੱਗੀ ਰਹੇ। ਸੰਭਵ ਹੈ ਇਹ ਮਾਮਲਾ ਲੰਮਾ ਚਿਰ ਚਲੇ, ਕਿਉਂਕਿ (ਨਕਲੀ) ਨਿਰੰਕਾਰੀਆਂ ਸਬੰਧੀ ਮੰਨਿਆ ਜਾਂਦਾ ਹੈ ਕਿ ਉਨ੍ਹਾਂ ਨੇ ਸਿਖ ਮਤ ਵਿਰੋਧੀ ਸਭ ਸ਼ਕਤੀਆਂ ਨੂੰ ਲਾਮਬੰਦ ਕਰ ਲਿਆ ਹੈ।

ਜਿਵੇਂ ਕਿ ਸਭ ਇਤਿਹਾਸਕਾਰਾਂ ਨੇ ਮੰਨਿਆ ਹੈ, ਨਿਰੰਕਾਰੀ ਤੇ ਨਾਮਧਾਰੀ ਕੇਵਲ ਸੁਧਾਰਕ ਲਹਿਰਾਂ ਰਹੀਆਂ ਹਨ। ਇਨ੍ਹਾਂ ਲਹਿਰਾਂ ਦੇ ਬਾਨੀਆਂ ਨੇ ਸਿੱਖਾਂ ਦੇ ਪੂਜਾ ਪਾਠ ਤੇ ਜੀਵਨ ਢੰਗ ਵਿਚ ਆ ਗਈਆਂ ਤਰੁੱਟੀਆਂ ਨੂੰ ਦੂਰ ਕਰਨ ਲਈ ਦਿਲੋਂ ਮਨੋਂ ਕੰਮ ਕੀਤਾ। 'ਸੰਤ ਨਿਰੰਕਾਰੀ ਮਿਸ਼ਨ' ਜੋ ਹੁਣ ਦਿੱਲੀ ਵਿਚ ਹੈ, ਇਕ ਇਨ੍ਹਾਂ ਤੋਂ ਨਿਖੜੀ ਹੋਈ ਜਥੇਬੰਦੀ ਹੈ, ਜੋ ਗੁਸੇ ਕਾਰਨ ਉਪਜੀ ਹੈ। ਇਸ ਲਈ ਕੋਈ ਅਚੰਭੇ ਵਾਲੀ ਗੱਲ ਨਹੀਂ ਕਿ ਇਸ ਦੇ ਆਗੂ ਭੀ ਉਸੇ ਕਰੋਧ ਬੀਜ ਵਿਚੋਂ ਟੁਟੀਆਂ ਟਾਹਣੀਆਂ ਤੇ ਹੀ ਪਲੇ ਹਨ। ਉਹਨਾਂ ਦੀਆਂ ਕਹੀਆਂ ਜਾਂਦੀਆਂ ਧਾਰਮਕ ਪੁਸਤਕਾਂ ਤੇ ਸਾਹਿਤ ਵਿਚ ਹੋਰ ਧਰਮਾਂ ਦੀ ਨਿਖੇਧੀ ਕੀਤੀ ਗਈ ਹੈ ਤੇ ਉਹਨਾਂ ਵਿਚ ਸਿੱਖ ਪੰਥ, ਸਿੱਖਾਂ ਦੇ ਜੀਵਨ ਢੰਗਾਂ ਦੀ ਤੇ ਹੋਰ ਪੈਗੰਬਰਾਂ ਅਵਤਾਰਾਂ ਦੀ ਖ਼ਾਸ

---

(ਸਫ਼ਾ ੧੭ ਦੀ ਬਾਕੀ)

ਹਿਰਦਿਆਂ ਨੂੰ ਗਿਆਨ ਦੀਆਂ ਨਦੀਆਂ ਸਿੰਜਣ।

ਅੱਜ ਅਸੀਂ ਇਕਵੰਜਾ ਉਣੰਜਾ ਦੇ ਗੇੜ ਵਿਚ ਪੈ ਗਏ, ਇਹ ਡੈਮੋਕਰੇਸੀ ਪੱਛਮ ਦੀ ਈਜਾਦ ਹੈ, ਗੁਰਮਤਿ 'ਗੁਰਮਤੇ' ਦੀ ਪਾਬੰਦ ਹੈ! ਅਸਕਾ ਮਾੜਾ ਹੈ, ਅਸੀਂ ਚੰਗੇ ਹਾਂ, ਇਸ ਸੋਚਣ ਵਿਚੋਂ ਹਉਮੈ ਤੇ ਅਹੰਕਾਰ ਦੀ ਦੁਰਗੰਧ ਆਉਂਦੀ ਹੈ, ਇਸ ਤੋਂ ਬਚੋ। ਸਿੱਖੀ ਨਿਮ੍ਰਤਾ ਅਤੇ ਮਿਠਤ ਦੀ ਸੂਚਿਕ ਹੈ।

"ਸਭੁ ਕੋ ਮੀਤੁ ਹਮ ਆਪਨ ਕੀਨਾ, ਹਮ ਸਭਨਾਂ ਕੇ ਸਾਜਨ!"‡ ਦਾ ਨਾਅਰਾ ਅਪਣਾਉ। ਇਹ ਵਕਤ ਦਾ ਤਕਾਜ਼ਾ ਹੈ।

‡ ਧਨਾਸਰੀ ਮ: ੫. ਪੰਨਾ ੬੭੧

ਅਕਾਲੀ ਪੱਤ੍ਰਕਾ, ੨੬-੨੭ ਮਈ



www.AKJ.Org

ਕਰਕੇ ਤੌਹੀਨ ਕੀਤੀ ਗਈ ਹੈ।

ਪਰ ਸਾਡੀ ਅੱਜ ਦੀ ਵਿਚਾਰ ਦਾ ਇਹ ਵਿਸ਼ਾ ਨਹੀਂ। ਅਸੀਂ ਤਾਂ ਨਾਮਧਾਰੀ-ਦਰਬਾਰ ਦੀ ਇਸ ਹੁਣੇ ਛੱਪੀ ਕਿਤਾਬ ਵੱਲ ਧਿਆਨ ਦੇ ਰਹੇ ਹਾਂ। ਸੋਕ ਦੀ ਗੱਲ ਹੈ ਕਿ ਨਾਮਧਾਰੀ ਦਰਬਾਰ ਨੇ ਤਾਂ ਸਿੱਖਾਂ ਤੇ ਨਾਮਧਾਰੀਆਂ ਵਿਚਲੇ ਫ਼ਰਕ ਵਾਲੇ ਨੁਕਤਿਆਂ ਨੂੰ ਇਸ ਸੰਕਟ ਸਮੇਂ ਮਹੱਤਵ ਭਰਪੂਰ ਬਣਾ ਕੇ ਦਸਿਆ ਹੈ। ਇਹ ਨਤੀਜਾ ਸੁਭਾਵਕ ਹੀ ਨਿਕਲਦਾ ਹੈ ਕਿ ਇਸ ਦੇ ਪਿਛੇ ਸਿੱਖਾਂ ਦੇ ਦਿਲਾਂ ਨੂੰ ਸੱਟ ਲਾਉਣਾ ਤੇ ਨਿਰੰਕਾਰੀਆਂ ਦੀ ਪ੍ਰੋੜ੍ਹਤਾ ਕਰਨ ਦਾ ਮੰਤਵ ਹੈ। ਅਸੀਂ ਜਾਣਦੇ ਹਾਂ ਕਿ ਹੁਣ ਦੋਹਾਂ ਵਿਚ ਬਹੁਤਾ ਕੁਝ ਸਾਝਾ ਨਹੀਂ। ਬਹੁਤ ਸਾਰੇ ਮਸਲਿਆਂ ਵਿਚ ਉਹ ਇਕ ਦੂਜੇ ਤੋਂ ਬਹੁਤ ਦੂਰ ਦੂਰ ਹਨ। ਪਰ ਇਸ ਸਿਧਾਂਤ ਵਿਚਲਾ ਮਸਲਾ ਕਿ ਕੀ 'ਸ਼ਬਦ ਬਾਣੀ' ਜਿਵੇਂ ਉਹ ਗੁਰੂ ਗ੍ਰੰਥ ਸਾਹਿਬ ਵਿਚ ਹੈ ਤੇ ਜਿਵੇਂ ਸਿੱਖ ਪੰਥ ਦਾ ਵਿਸ਼ਵਾਸ ਹੈ, ਗੁਰੂ ਹੈ ਜਾਂ ਕਿ ਕਿਸੇ ਮਨੁੱਖ ਨੂੰ ਉਹਨਾਂ ਅਰਥੋਂ ਵਿਚ ਗੁਰੂ ਮੰਨ ਕੇ ਪੂਜਿਆ ਤੇ ਸਤਿਕਾਰਿਆ ਜਾਵੇ ਜਿਨ੍ਹਾਂ ਵਿਚ ਗੁਰੂ ਦੀ ਲੋੜ ਤੇ ਮਹੱਤਵ ਉਤੇ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਦੇ ਗੁਰੂਆਂ ਦੀ ਬਾਣੀ ਵਿਚ ਬਲ ਦਿਤਾ ਗਿਆ ਹੈ। ਇਹ ਮੰਨਣਾ ਪਏਗਾ ਕਿ 'ਮਹਾਰਾਜ ਬੀਰ ਸਿੰਘ', ਜੇ ਉਹ ਇਸ ਤਰ੍ਹਾਂ ਸੰਬੋਧਨ ਕੀਤਿਆਂ ਪ੍ਰਸੰਨ ਸਨ ਤੇ ਮੈਨੂੰ ਉਹਨਾਂ ਦੀ ਇਜ਼ਤ ਕਰਨ ਵਿਚ ਕੋਈ ਝਿਜਕ ਨਹੀਂ, ਨੇ ਗੁਰਬਾਣੀ ਦਾ ਪੂਰਾ ਸਤਿਕਾਰ ਰਖਿਆ ਹੈ ਤੇ ਤੁਕਾਂ ਬਿਲਕੁਲ ਸੁਧ ਰੂਪ ਵਿਚ ਛਾਪੀਆਂ ਹਨ। ਮੈਂ ਉਨ੍ਹਾਂ ਨਾਲ ਲੜਾਈ ਨਹੀਂ ਚਾਹੁੰਦਾ, ਫਿਰ ਭੀ ਕਿਉਂਕਿ ਕੁਝ ਬੁਨਿਆਦੀ ਅਸੂਲਾਂ ਨਾਲ ਇਥੇ ਮਾਮਲਾ ਸਬੰਧਤ ਹੈ, ਸਿਖ ਇਸ ਉਤੇ ਚੁਪ ਨਹੀਂ ਰਹਿ ਸਕਦੇ।

ਵੇਰਵੇ ਸਹਿਤ ਉਤਰ, ਤੇ ਦਲੀਲਾਂ ਸਿਖ ਵਿਦਵਾਨਾਂ ਤੇ ਇਤਿਹਾਸਕਾਰਾਂ ਵਲੋਂ ਆਉਣਗੀਆਂ। ਮੈਨੂੰ ਇਹਨਾਂ ਦੋਹਾਂ ਸ਼ਰੇਣੀਆਂ ਵਿਚ ਸ਼ਾਮਲ ਹੋਣ ਦਾ ਕੋਈ ਭਰਮ-ਭੁਲੇਖਾ ਨਹੀਂ, ਤਾਂ ਵੀ ਇਕ ਸਧਾਰਨ ਸਿਖ ਹੋਣ ਦੇ ਨਾਤੇ ਕੁਝ ਆਮ ਪ੍ਰਸ਼ਨਾਂ ਤੇ ਮੈਂ ਵਿਚਾਰ ਕਰ ਸਕਦਾ ਹਾਂ।

ਇਸ ਕਿਤਾਬ ਦੀ ਭੂਮਿਕਾ ਸ੍ਰੀ 'ਅਮਰ ਭਾਰਤੀ' ਨੇ ਲਿਖੀ ਹੈ। ਉਹਨਾਂ ਦਾ ਕਹਿਣਾ ਹੈ ਕਿ ਸਿਖ ਆਪਣੇ ਆਪ ਨੂੰ ਇਕ ਦੁਬਧੀ ਵਿਚ ਵੇਖਦੇ ਹਨ ਕਿਉਂਕਿ "ਭਾਰਤੀ" ਅਨੁਸਾਰ ਇਕ ਪਾਸੇ ਉਹ ਗ੍ਰੰਥ ਸਾਹਿਬ ਨੂੰ ਗੁਰੂ ਦਾ ਰੂਪ ਮੰਨਦੇ ਹਨ ਅਤੇ ਦੂਜੇ ਪਾਸੇ ਇਕ ਦੇਹਧਾਰੀ ਗੁਰੂ ਦੀ ਮਹਾਨਤਾ ਤੇ ਜ਼ਰੂਰਤ ਦਾ ਪ੍ਰਚਾਰ ਸਾਰੇ ਹੀ ਗ੍ਰੰਥ ਸਾਹਿਬ ਦੇ ਉਪਦੇਸ਼ਾਂ ਵਿਚ ਹੈ। ਇਹ ਬੜੀ ਅਜੀਬ ਦਲੀਲ ਹੈ। ਸਿਖ ਮਤ ਦਾ ਵਿਕਾਸ ਦਸ ਗੁਰੂਆਂ ਰਾਹੀਂ ਹੋਇਆ ਹੈ ਅਤੇ ਹਰ ਗੁਰੂ ਸਾਹਿਬ ਨੇ ਇਸ ਦੇ ਵਿਕਾਸ ਵਿਚ ਹਿਸਾ ਪਾਇਆ ਅਤੇ ਅੰਤ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਪੂਰਨ ਤੇ ਅੰਤਮ ਰੂਪ ਦੇ ਦਿਤਾ। ਸ੍ਰੀ 'ਅਮਰ ਭਾਰਤੀ' ਨੇ ਦਸਵੇਂ ਗੁਰੂ ਜੀ ਦੇ ਯੋਗਦਾਨ ਨੂੰ ਅਖੋਂ ਉਹਲੇ ਜਾਂ ਪਰੇ ਕਰ ਦਿਤਾ ਹੈ। ਇਹ ਗੱਲ ਉਸ ਦੀ ਉਤੇ ਦਿਤੀ ਦਲੀਲ ਤੋਂ ਸਪੱਸ਼ਟ ਹੈ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਗੁਰੂ ਅਰਜਨ ਦੇਵ ਜੀ ਨੇ ਕੀਤੀ, ਫਿਰ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਸਾਰੀ ਬਾਣੀ ਮੁੜ ਲਿਖਵਾਈ ਅਤੇ ਥਾਂ ਥਾਂ ਅਤੇ ਯੋਗ ਥਾਂ ਤੇ ਸਬੰਧਤ ਰਾਗਾਂ ਵਿਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਅੰਕਤ ਕੀਤੀ। ਪਰ ਗੁਰੂ ਅਰਜਨ ਦੇਵ ਜੀ ਲਿਖਤ ਅੰਤਲੀਆਂ ਤੁਕਾਂ ਮੁੰਦਾਵਣੀ ਨੂੰ ਜਾਣ ਬੁਝ ਕੇ ਅੰਤ ਉਤੇ ਹੀ ਰਖਿਆ ਤਾਂ ਜੁ ਰਲਾ ਪਾਉਣ ਜਾਂ ਵਾਧਾ ਕਰਨ ਵਾਲੇ ਦੀ ਦਾਲ ਨਾ ਗਲੇ। ਸਾਰੇ ਸੰਸਾਰ ਦੇ ਧਰਮਾਂ ਧਾਰਮਿਕ ਗ੍ਰੰਥਾਂ ਵਿਚੋਂ ਇਹੋ ਹੀ ਇਕੋ ਇਕ ਗ੍ਰੰਥ ਹੈ ਜੋ ਕਿਸੇ ਧਰਮ ਦੇ ਬਾਨੀਆਂ ਨੇ ਆਪ ਸੰਪਾਦਨ ਕੀਤਾ ਹੋਵੇ। ਹੋਰ ਸਭ ਧਾਰਮਿਕ ਗ੍ਰੰਥ ਉਹਨਾਂ ਦੇ ਅਵਤਾਰਾਂ ਪੈਗੰਬਰਾ ਦੇ ਮੰਨਣ ਵਾਲਿਆਂ ਵਲੋਂ ਉਹਨਾਂ ਅਵਤਾਰਾਂ ਦੇ ਸਮਾ ਜਾਣ ਤੋਂ ਕਾਫ਼ੀ ਸਮਾਂ ਪਿਛੋਂ ਲਿਖੇ ਗਏ ਸਨ। ਇਹ ਲਿਖਣ ਲਈ ਜਾਂ ਤਾਂ ਜ਼ਬਾਨੀ ਯਾਦ ਰਖੀਆਂ ਤੇ ਦਸੀਆਂ ਗੱਲਾਂ ਜਾਂ ਬਚਨਾਂ, ਜੋ ਉਹਨਾਂ ਦੇ ਅਨੁਆਇਆਂ ਵਲੋਂ ਮਹਾਂ ਪੁਰਸ਼ਾਂ ਦੇ ਮੁਖੋਂ ਸੁਣ ਕੇ ਲਿਖੇ ਗਏ, ਦਾ ਸਹਾਰਾ ਲਿਆ

www.AKJ.Org

ਗਿਆ। ਸੋ ਗੁਰੂ ਗ੍ਰੰਥ ਸਾਹਿਬ ਨਿਰਸੰਦੇਹ ਇਸ ਦੇ ਰਚਨਹਾਰਿਆਂ ਦੀ ਅਮਰ ਪ੍ਰਮਾਣਿਕ ਰਚਨਾ ਹੈ। ਜਿਹਨਾਂ ਵਿਚ ਇਹ ਵਿਕਾਸ ਚਲਦਾ ਰਿਹਾ ਅਤੇ ਇਹ ਜਾਤੀ ਗੁਰੂ ਆਪਣਾ ਹਿਸਾ ਪਾਉਣ ਲਈ ਹੈ ਸੀ, ਉਸ ਵੇਲੇ ਗ੍ਰੰਥ ਸਾਹਿਬ ਵਿਚ ਗੁਰੂ ਦਾ ਹਵਾਲਾ ਸਚਮੁਚ ਹੀ ਇਕ ਵਿਅਕਤੀ ਲਈ ਸੀ। ਨਾਮਧਾਰੀ ਵੀ ਮੰਨਦੇ ਹਨ ਕਿ ਇਹ ਦੈਵੀ ਜੋਤੀ ਇਕ ਗੁਰੂ ਤੋਂ ਦੂਸਰੇ ਗੁਰੂ ਵਿਚ ਜਾਂਦੀ ਰਹੀ ਅਤੇ ਇਸ ਤਰ੍ਹਾਂ ਦੂਜਾ ਗੁਰੂ ਪਹਿਲੇ ਦਾ ਆਪਣਾ ਰੂਪ ਬਣ ਜਾਂਦਾ ਰਿਹਾ।

ਜੋਤਿ ਓਹਾ ਜੁਗਤਿ ਸਾਇ,
ਸਹਿ ਕਾਇਆ ਫੇਰਿ ਪਲਟੀਐ ॥

[ਸਤੇ ਬਲਵੰਡ ਦੀ ਵਾਰ, ਪੰਨਾ ੯੬੬

ਉਹੋ ਹੀ ਜੋਤਿ ਗੱਦੀ ਉਤੇ ਬੈਠਣ ਵਾਲੇ ਦੂਜੇ ਗੁਰੂ ਵਿਚ ਆਈ, ਨਿਸ਼ਾਨਾ ਤੇ ਉਸ ਉਤੇ ਪਹੁੰਚਣ ਲਈ ਪ੍ਰੋਗਰਾਮ ਉਹੋ ਹੀ ਰਿਹਾ, ਕੇਵਲ ਸਰੀਰ ਜਾਂ ਦੇਹ ਬਦਲਦੀ ਰਹੀ। ਹਰ ਗੁਰੂ ਸਾਹਿਬ ਵਿਚ ਇਹ ਸ਼ਕਤੀ ਸੀ ਕਿ ਉਹ ਆਪਣੀ ਜੋਤਿ ਅਗੇ ਕਰ ਦੇਣ। ਇਸ ਤਰ੍ਹਾਂ ਜਦੋਂ ਗੁਰੂ ਗ੍ਰੰਥ ਸਾਹਿਬ (ਇਸ ਵਿਚਲਾ ਸ਼ਬਦ) ਗੁਰੂ ਰੂਪ ਵਿਚ ਮੰਨਿਆ ਤੇ ਪਛਾਣਿਆ ਗਿਆ ਤੇ ਜਿਥੋਂ ਤਕ ਜੋਤਿ ਦਾ ਸਬੰਧ ਸੀ ਅਤੇ ਖਾਲਸਾ ਪੰਥ, ਸਮੁਚੇ ਤੌਰ ਤੇ ਸਾਰੇ ਹੀ ਸਿੱਖ ਜੋ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਅਨੁਸਾਰ ਚਲਦੇ ਹੋਣ, ਨੂੰ ਜੁਗਤ ਦਾ ਅਧਿਕਾਰ ਦਿਤਾ ਗਿਆ ਅਤੇ ਗੁਰੂ ਦੀ ਮਨੁਖੀ ਸ਼ਖ਼ਸੀਅਤ ਦਾ ਰੂਪ ਲਾਂਭੇ ਕਰ ਦਿਤਾ ਗਿਆ, ਜਿਵੇਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ। ਉਸ ਪਿਛੋਂ 'ਗੁਰੂ' ਸ਼ਬਦ ਦੇ ਸਭ ਹਵਾਲਿਆਂ ਦਾ ਭਾਵ 'ਲਫ਼ਜ਼' ਜਾਂ 'ਸ਼ਬਦ' ਹੋ ਗਿਆ। ਇਸ ਦੇ ਕੋਈ ਹੋਰ ਅਰਥ ਕਢਣ ਲਈ ਯਤਨ ਕਰਨਾ ਗ਼ਲਤ ਰਾਹੇ ਪਾਉਣਾ ਹੈ। ਮੈਂ ਬਾਬਾ ਬੀਰ ਸਿੰਘ ਜੀ ਦਾ ਪੂਰਾ ਸਤਿਕਾਰ ਕਰਦਾ ਰਿਹਾ ਹਾਂ ਤੇ ਅਗੋਂ ਨੂੰ ਵੀ ਕਰਦਾ ਰਹਾਂਗਾ, ਪਰ ਜੇ ਕੋਈ ਨਾਮਧਾਰੀ, ਅਮਰ ਭਾਰਤੀ ਵਾਂਗ ਐਵੇਂ ਗੁਰੂ ਗੋਬਿੰਦ ਸਿੰਘ ਜੀ ਤੇ ਗੁਰੂ ਗ੍ਰੰਥ ਸਾਹਿਬ ਅਗੇ ਮੱਥਾ ਟੇਕਣ, ਭੇਟਾ ਰਖਣ ਤੇ ਗੁਰਗੱਦੀ ਦੇਣ ਦੀ ਅਸਲੀਅਤ ਤੇ ਮੰਨੇ ਪ੍ਰਮੰਨੇ ਵਿਸ਼ਵਾਸ ਨੂੰ ਇਉਂ ਰਾਹ ਜਾਂਦਾ ਕਾਹਲ ਨਾਲ ਭੰਡੇ ਤੇ ਜਾਣ ਬੁਝ ਕੇ ਨਿਖੇਧੀ ਕਰੇ, ਜਾਂ ਇਸ ਨਾਲ ਸਬੰਧਤ ਸਭ ਇਤਿਹਾਸ ਤੇ ਰਹਿਤਨਾਮਿਆਂ ਨੂੰ ਬਣਾਉਟੀ ਦਸੇ, ਜਿਵੇਂ ਕਿ 'ਅਮਰ ਭਾਰਤੀ' ਨੇ ਆਪਣੀ ਭੂਮਿਕਾ ਵਿਚ ਕਿਹਾ ਹੈ, ਤਾਂ ਭਾਰਤੀ ਨੂੰ ਇਹ ਸੁਣਨ ਲਈ ਭੀ ਤਿਆਰ ਰਹਿਣਾ ਚਾਹੀਦਾ ਹੈ ਕਿ (ਸਭ ਨਾਮਧਾਰੀਆਂ ਨੂੰ ਭੀ ਇਸ ਤੇ ਦੁਖੀ ਹੋਣਾ ਪਵੇਗਾ) ਕਿ ਕੀ ਬਣਾਵਟਾਂ ਤੇ ਹਾਸੋਹੀਣੀਆਂ ਕਹਾਣੀਆਂ ਉਹਨਾਂ ਨੂੰ ਘੜਨੀਆਂ ਪਈਆਂ ਹਨ ਤਾਂ ਜੁ ਉਹ ਲੋਕਾਂ ਨੂੰ ਪੁਠੇ ਰਾਹ ਪਾ ਕੇ ਇਹ ਮਨਾ ਸਕਣ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਅੰਤਿਮ ਸੰਸਕਾਰ ਨੰਦੇੜ ਵਿਚ ਕਦੇ ਭੀ ਨਹੀਂ ਸੀ ਹੋਇਆ, ਤੇ ਉਹ ਗੁਪਤ ਢੰਗ ਨਾਲ ਸਵਾਰ ਹੋ ਕੇ ਕਈ ਥਾਂਈਂ ਠਹਿਰਦੇ ਅੰਤ ਨਾਭੇ ਬਾਬਾ ਅਜਾਪਾਲ ਸਿੰਘ ਬਣ ਕੇ ਟਿਕੇ ਤੇ, ਉਹਨਾਂ ਚਿਰ ਟਿਕੇ ਰਹੇ ਜਿੰਨਾ ਚਿਰ ਨਾਮਧਾਰੀ ਸੋਢੀ ਗੁਰਗੱਦੀ ਪ੍ਰਾਪਤ ਕਰਨ ਲਈ ਸਿਆਣੀ ਉਮਰ ਦਾ ਨਾ ਹੋਇਆ। ਇਹ ਬਣਾਉਟੀ ਕਹਾਣੀ 'ਈਸਾ' ਦੀਆਂ ਜਾਨਵਰਾਂ ਦੀਆਂ ਕਹਾਣੀਆਂ ਤੋਂ ਵੀ ਅਗਾਂਹ ਲੰਘ ਗਈ ਹੈ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਤੌਹੀਨ ਹੈ। ਜਿਵੇਂ ਕਿ ਮੈਂ ਉਪਰ ਕਹਿ ਚੁਕਾ ਹਾਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਪੰਥ ਦੇ ਵਿਸ਼ਵਾਸਾਂ ਤੇ ਜੀਵਨ-ਜੁਗਤਿ ਨੂੰ ਆਪਣੇ ਵਰਤਣ-ਵਿਹਾਰ ਤੇ ਕਾਰਜ ਆਦਿ ਰਾਹੀਂ ਅੰਤਿਮ ਰੂਪ ਦੇ ਦਿਤਾ। ਇਸ 'ਸ਼ਬਦ' ਗੁਰੂ ਦਾ ਸੰਕਲਪ ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲੀ ਵਾਰ ਜਾਂ ਨਵਾਂ ਬੀ ਨਹੀਂ ਬੋਇਆ; ਸਗੋਂ ਇਸ ਦਾ ਐਲਾਨ ਗੁਰੂ ਨਾਨਕ ਸਾਹਿਬ ਨੇ ਓਦੋਂ ਹੀ ਕਰ ਦਿਤਾ ਸੀ ਜਦ ਸਿਧਾਂ ਨੇ ਉਹਨਾਂ ਨੂੰ ਪੁਛਿਆ ਸੀ, "ਤੁਸੀਂ ਕਿਸ ਦੇ ਚੇਲੇ ਹੋ?" ਉਹਨਾਂ ਉੱਤਰ ਦਿਤਾ ਸੀ—"ਸ਼ਬਦ ਗੁਰੂ ਸੁਰਤਿ ਧੁਨਿ ਚੇਲਾ (ਅਰਥਾਤ ਸ਼ਬਦ ਮੇਰਾ ਗੁਰੂ ਹੈ ਤੇ ਸ਼ਬਦ ਨਾਲ ਇਕ-ਸੁਰ ਹੋਇਆ ਮਨ ਚੇਲਾ ਹੈ)। ਗੁਰੂ ਅੰਗਦ ਸਾਹਿਬ ਤੇ ਗੁਰੂ ਅਮਰਦਾਸ ਜੀ ਨੇ ਭੀ ਇਹੋ ਜਿਹੇ ਹਵਾਲੇ ਦਿਤੇ



www.AKJ.Org

ਹਨ। ਗੁਰੂ ਰਾਮਦਾਸ ਜੀ ਨੇ ਵਿਸ਼ੇਸ਼ ਤੌਰ ਉਤੇ ਕਿਹਾ ਹੈ –

'ਬਾਣੀ ਗੁਰੂ ਗੁਰੂ ਹੈ ਬਾਣੀ' (੯੮੨)

ਜਦੋਂ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਹੋ ਗਿਆ ਤਾਂ ਗੁਰੂ ਅਰਜਨ ਦੇਵ ਜੀ ਨੇ ਸਪੱਸ਼ਟ ਘੋਸ਼ਣਾ ਕੀਤੀ –

ਪੋਥੀ ਪਰਮੇਸਰ ਕਾ ਥਾਨੁ ॥

[ਸਾਰੰਗ ਮ: ੫, ਪੰਨਾ ੧੨੨੬

ਉਸ ਸਮੇਂ ਤੋਂ ਗੁਰੂ ਅਰਜਨ ਦੇਵ ਜੀ ਆਪ ਸਦਾ ਨੀਵੀਂ ਥਾਂ ਉਤੇ ਸੌਂਦੇ ਰਹੇ ਤੇ ਪੋਥੀਆਂ ਉਚੀ ਥਾਂ ਉਤੇ ਹੁੰਦੀਆਂ ਸਨ। ਕੰਨਿਘਮ ਨੇ ਕਿਹਾ ਹੈ:— ਇਹ ਗੱਲ ਗੁਰੂ ਨਾਨਕ ਦੇਵ ਜੀ ਦੇ ਹਿਸੇ ਆਈ ਕਿ ਸੁਧਾਰ ਦੇ ਸਹੀ ਸਿਧਾਂਤ ਸੋਚਣ ਤੇ ਅਜਿਹੀਆਂ ਨੀਂਹਾਂ ਰਖਣ ਜਿਹਨਾਂ ਨਾਲ ਉਹਨਾਂ ਦੀ ਗੱਦੀ ਪਿਛੇ ਬਹਿਣ ਵਾਲੇ ਗੁਰੂ ਗੋਬਿੰਦ ਸਿੰਘ ਜੀ ਲੋਕਾਂ ਦੇ ਮਨਾਂ ਨੂੰ ਇਕ ਕੌਮੀਅਤ ਦੀ ਭਾਵਨਾ ਨਾਲ ਮਘਾ ਦੇਣ ਤੇ ਇਸ ਨੂੰ ਅਮਲੀ ਜਾਮਾ ਪਹਿਨਾਉਣ, ਕਿ ਨੀਵੇਂ ਤੋਂ ਨੀਵਾਂ ਭੀ ਨਸਲ, ਧਰਮ ਤੇ ਰਾਜਸੀ ਅਧਿਕਾਰਾਂ ਵਿਚ ਉਚੇ ਤੋਂ ਉਚੇ ਦੇ ਬਰਾਬਰ ਹੈ। ਡਾ: ਗੋਕਲ ਚੰਦ ਨਾਰੰਗ ਨੇ ਲਿਖਿਆ ਹੈ ਗੁਰੂ ਗੋਬਿੰਦ ਸਿੰਘ ਜੀ ਆਪ, ਤੇ ਉਹਨਾਂ ਦਾ ਕਾਰਜ ਅਸਲ ਵਿਚ ਉਸ ਵਿਕਾਸ ਦਾ ਕੁਦਰਤੀ ਸਿੱਟਾ ਸੀ, ਜੋ ਸਿੱਖ ਮਤ ਦੇ ਅਰੰਭ ਤੋਂ ਹੀ ਸ਼ੁਰੂ ਹੋ ਚੁਕਾ ਸੀ। ਉਹ ਫਸਲ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਪੱਕੀ, ਗੁਰੂ ਨਾਨਕ ਦੇਵ ਜੀ ਨੇ ਬੀਜੀ ਤੇ ਉਹਨਾਂ ਦੇ ਪਿਛੋਂ ਗਦੀ ਤੇ ਬਹਿਣ ਵਾਲੇ ਹੋਰ ਗੁਰੂ ਸਾਹਿਬਾਂ ਨੇ ਉਸ ਨੂੰ ਸਿੰਜਿਆ ਸੀ। ਉਹ ਤਲਵਾਰ ਜਿਸ ਨੇ ਖਾਲਸਾ ਪੰਥ ਦੀ ਸ਼ਾਨ ਉਚੀ ਕੀਤੀ, ਨਿਰਸੰਦੇਹ ਗੁਰੂ ਗੋਬਿੰਦ ਸਿੰਘ ਜੀ ਨੇ ਤਿਆਰ ਕੀਤੀ, ਪਰ ਉਸ ਲਈ ਫੌਲਾਦ ਗੁਰੂ ਨਾਨਕ ਦੇਵ ਜੀ ਨੇ ਹੀ ਦਿਤਾ ਸੀ।

ਬਾਬਾ ਰਾਮ ਸਿੰਘ ਜੀ ਨੂੰ ਜਨਵਰੀ ੧੮੭੨ ਵਿਚ ਦੇਸ ਨਿਕਾਲਾ ਦੇ ਕੇ ਰੰਗੂਨ ਭੇਜਿਆ ਗਿਆ। ਉਹ ਉਥੇ ੧੮੮੪ ਨਵੰਬਰ ਦੇ ਮਹੀਨੇ ਸਮਾ ਗਏ। ਬਾਬਾ ਹਰੀ ਸਿੰਘ ਜੀ ਆਪਣੇ ਭਰਾ ਦੀ ਥਾਂ ਆਏ, ਮਈ ੧੭, ੧੯੦੬ ਨੂੰ ਉਨ੍ਹਾਂ ਦੀ ਮ੍ਰਿਤੂ ਤੋਂ ਪਿਛੋਂ ਉਹਨਾਂ ਦੀ ਥਾਂ ਉਨ੍ਹਾਂ ਦੇ ਸਪੁਤਰ ਬਾਬਾ ਪ੍ਰਤਾਪ ਸਿੰਘ ਜੀ ਨਾਮਧਾਰੀ ਆਗੂ ਬਣੇ। ਉਨ੍ਹਾਂ ਨੇ ਕੂਕਾ ਲਹਿਰ ਵਿਚ ਨਵਾਂ ਜੀਵਨ ਭਰਨ ਦਾ ਯਤਨ ਕੀਤਾ। ਉਹ ਚਾਹੁੰਦੇ ਸਨ ਕਿ 'ਕੂਕੇ' ਸਿੱਖ ਮੱਤ ਦਾ ਹੀ ਅੰਗ ਬਣਨ, ਪਰ ਉਹ ਇਸ ਵਿਚ ਵਧੇਰੇ ਸਫਲ ਨਾ ਹੋਏ। ਅਗਸਤ ੨੧, ਸੰਨ ੧੯੫੯ ਨੂੰ ਬਾਬਾ ਪਰਤਾਪ ਸਿੰਘ ਜੀ ਸਮਾ ਗਏ। ਉਹਨਾਂ ਦੇ ਵਡੇ ਸਪੁਤਰ ਬਾਬਾ ਜਗਜੀਤ ਸਿੰਘ ਜੀ ਹੁਣ ਉਨ੍ਹਾਂ ਦੀ ਗੱਦੀ ਤੇ ਹਨ। ਇਸ ਕਿਤਾਬ ਦੇ ਲੇਖਕ "ਮਹਾਰਾਜ ਬੀਰ ਸਿੰਘ" ਬਾਬਾ ਜਗਜੀਤ ਸਿੰਘ ਦੇ ਛੋਟੇ ਭਾਈ ਹਨ।

ਭਾਵੇਂ ਗੁਰੂ ਗੋਬਿੰਦ ਸਿੰਘ ਜੀ ਦਾ ਨੰਦੇੜ ਵਿਚ ੧੭੦੮ 'ਚ ਜੋਤੀ ਜੋਤਿ ਸਮਾਉਣ ਦੇ ਵੇਰਵਿਆਂ ਵਿਚ ਫ਼ਰਕ ਹੈ, ਪਰ ਇਹ ਗੱਲ ਸਭ ਨੇ ਮੰਨੀ ਹੈ ਕਿ ਗੁਰੂ ਜੀ ਦੇ ਸਰੀਰ ਉਤੇ ਇਕ ਮਾਰੂ ਹਮਲਾ ਇਕ ਪਠਾਣ ਨੇ ਕੀਤਾ ਸੀ, ਜਿਸ ਨੂੰ ਗੁਰੂ ਜੀ ਨੇ ਆਪ ਜਵਾਬੀ ਹਮਲਾ ਕਰ ਕੇ ਉਸੇ ਵੇਲੇ ਪਾਰ ਬੁਲਾਇਆ ਸੀ। ਉਹ ਪਠਾਣ ਕੌਣ ਸੀ? ਇਸ ਬਾਬਤ ਕੁਝ ਅਨੁਮਾਨ ਲਾਏ ਗਏ ਹਨ, ਪਰ ਬਹੁਤ ਵਧੇਰੇ ਗਿਣਤੀ ਵਿਚ ਇਤਿਹਾਸਕਾਰ ਸਹਿਮਤ ਹਨ ਕਿ ਉਹ ਕੋਈ ਓਪਰਾ ਆਦਮੀ ਸੀ ਤੇ ਗੁਰੂ ਜੀ ਦੇ ਸੇਵਕ ਸਿੱਖ ਉਸ ਨੂੰ ਨਹੀਂ ਜਾਣਦੇ ਸਨ। ਉਹ ਪਠਾਣ ਆ ਕੇ ਉਥੇ ਕੁਝ ਹਾਲਾਤ ਤੇ ਸਥਿਤੀ ਵੇਖਣ ਲਈ ਰਿਹਾ, ਤਾਂ ਜੁ ਹਮਲੇ ਲਈ ਵੇਲਾ ਚੁਣ ਸਕੇ। ਇਹ ਵੇਲਾ ਉਸ ਨੂੰ ਮਿਲ ਗਿਆ ਜਦ ਗੁਰੂ ਜੀ ਬਿਸਤਰੇ ਵਿਚ ਲੰਮੇ ਪਏ ਆਰਾਮ ਕਰ ਰਹੇ ਸਨ। ਜਿਥੋਂ ਤਕ ਸਾਡੀ ਇਸ ਵਿਚਾਰ ਦਾ ਸਬੰਧ ਹੈ, ਇਹ ਕੋਈ ਖਾਸ ਗੱਲ ਨਹੀਂ ਕਿ ਉਹ ਹਮਲਾ-ਆਵਰ ਕੌਣ ਸੀ।

ਸੈਨਾਪਤਿ ਗੁਰੂ ਗੋਬਿੰਦ ਸਿੰਘ ਜੀ ਦਾ ਦਰਬਾਰੀ ਇਤਿਹਾਸਕਾਰ ਸੀ। ਉਸ ਨੇ ਗੁਰੂ ਜੀ ਦਾ "ਜੀਵਨ ਬ੍ਰਿਤਾਂਤ" ਆਪਣੀ ਪੁਸਤਕ "ਗੁਰ ਸੋਭਾ" ਵਿਚ

www.AKJ.Org

ਸੰਨ ੧੭੪੧ ਵਿਚ ਲਿਖਿਆ। ਉਹ ਕਹਿੰਦਾ ਹੈ: "ਇਕ ਪਠਾਣ ਗੁਰੂ ਜੀ ਕੋਲ ਆਇਆ ਤੇ ਦੋ ਘੰਟੇ ਬੜੀਆਂ ਮਿਠੀਆਂ ਮਿਠੀਆਂ ਗੱਲਾਂ ਕਰਦਾ ਰਿਹਾ, ਤਾਂ ਕਿ ਉਸ ਨੂੰ ਮੌਕਾ ਮਿਲੇ, ਪਰ ਉਸ ਦਾ ਦਾਅ ਨਾ ਲਗਾ।" ਇਸ ਤਰ੍ਹਾਂ ਉਹ ਕਈ ਵਾਰ ਆਇਆ ਪਰ ਸਫਲ ਨਾ ਹੋਇਆ। "ਇਕ ਸ਼ਾਮ ਜਦ ਗੁਰੂ ਜੀ ਇਕੱਲੇ ਹੀ ਲੇਟੇ ਹੋਏ ਸਨ ਉਸ ਨੂੰ ਅਵਸਰ ਮਿਲ ਗਿਆ। ਪਠਾਣ ਨੇ ਹਮਲਾ ਕਰ ਦਿਤਾ, ਗੁਰੂ ਜੀ ਨੇ ਆਪਣੀ ਤਲਵਾਰ ਚਮਕਾਈ, ਤੇ ਇਕੋ ਝਟਕੇ ਨਾਲ ਉਸ ਨੂੰ ਮਾਰ ਦਿਤਾ ਤੇ ਇਉਂ ਉਸ ਨੂੰ ਬਾਹਰ ਨਾ ਜਾਣ ਦਿਤਾ।"

"ਸਿੱਖ ਇਤਿਹਾਸ ਵਿਚ ਕਥਾਵਾਂ" (ਸਟੋਰੀਜ਼ ਫਰੋਮ ਸਿੱਖ ਹਿਸਟਰੀ) ਦੀ ਨਵੀਂ ਪੋਥੀ, ਜੋ ਹੇਮਕੁੰਟ ਪ੍ਰੈਸ ਵਿਚ ਛਪੀ ਹੈ, ਦੀ ਨੌਵੀਂ ਪੋਥੀ ਵਿਚ ਸ: ਕਰਤਾਰ ਸਿੰਘ ਤੇ ਗੁਰਦਿਆਲ ਸਿੰਘ ਢਿੱਲੋਂ ਨੇ ਠੀਕ ਹੀ ਕਿਹਾ ਹੈ:—"ਸਭ ਜਾਣਦੇ ਹਨ ਕਿ ਕਿੰਨੇ ਜੋਸ਼ ਤੇ ਸੁਹਿਰਦਤਾ ਨਾਲ ਉਨ੍ਹਾਂ ਨੇ (ਗੁਰੂ ਗੋਬਿੰਦ ਸਿੰਘ ਜੀ ਨੇ) ਆਪਣੇ ਕਰਤੱਵ (ਸੰਤ ਉਬਾਰਨ, ਦੁਸਟ ਸੰਘਾਰਨ) ਦੀ ਪਾਲਣਾ ਲਈ ਯਤਨ ਕੀਤਾ ਤੇ ਇਹ ਪਾਲਣਾ ਕਰਨ ਲਈ ਉਨ੍ਹਾਂ ਨੂੰ ਕਿੰਨੀ ਕੁਰਬਾਨੀ ਕਰਨੀ ਪਈ।" "ਤੇ ਫਿਰ ਭੀ ਕੂਕੇ ਵਿਦਵਾਨ ਸਾਨੂੰ ਇਹ ਮੰਨਣ ਲਈ ਕਹਿ ਰਹੇ ਹਨ ਕਿ ਜਦ ਗੁਰੂ ਜੀ ਦੇ ਸਿੱਖ ਹਜ਼ਾਰਾਂ ਦੀ ਗਿਣਤੀ ਵਿਚ, ਬੇਰਹਿਮੀ ਨਾਲ ਕਤਲ ਕੀਤੇ ਜਾ ਰਹੇ ਸਨ, ਜਦ ਘਲੂਘਾਰੇ ਹੋ ਰਹੇ ਸਨ, ਜਦ ਉਨ੍ਹਾਂ ਨੂੰ ਕਾਨੂੰਨ ਵਿਰੁਧ ਕਰਾਰ ਦਿਤਾ ਜਾ ਰਿਹਾ ਸੀ, ਜਦ ਉਨ੍ਹਾਂ ਨੂੰ ਘਰਾਂ ਵਿਚੋਂ ਕਢਿਆ ਤੇ ਪਸ਼ੂਆਂ ਵਾਂਗ ਉਨ੍ਹਾਂ ਦਾ ਸ਼ਿਕਾਰ ਕੀਤਾ ਜਾ ਰਿਹਾ ਸੀ, ਜਦ ਉਨ੍ਹਾਂ ਦੇ ਸਿਰਾਂ ਦਾ ਮੁਲ ਪੈਂਦਾ ਸੀ, ਤੇ ਜਦ ਉਨ੍ਹਾਂ ਦੇ ਸਿਰਾਂ ਦੇ ਭਰੇ ਹੋਏ ਕਈ ਵੀਹਾਂ ਗੱਡੇ ਕਾਤਲਾਂ ਸਾਹਮਣੇ ਲਿਆ ਕੇ ਢੇਰੀ ਕੀਤੇ ਜਾਂਦੇ ਸਨ, ਤੇ ਫਿਰ ਜਦ ਇਹ ਸਭ ਕੁਝ ਤੇ ਇਸ ਤੋਂ ਵਧ ਗੁਰੂ ਜੀ ਦੇ ਸਿੱਖਾਂ ਨਾਲ ਵਾਪਰ ਰਹੀ ਸੀ, ਕੀ ਉਸ ਵੇਲੇ ਗੁਰੂ ਜੀ ਮੈਦਾਨ ਜੰਗ ਵਿਚ ਆਪਣਾ ਕਰਤਬ ਨਿਭਾਉਣ ਦੀ ਥਾਂ (ਜੋ ਉਨ੍ਹਾਂ ਆਪਣੇ ਸਿਰ ਖਾਲਸੇ ਦੀ ਰਖਿਆ ਦਾ ਲਿਆ ਸੀ ਤੇ ਜਿਸ ਬਦਲੇ ਉਨ੍ਹਾਂ ਨੇ ਸੰਸਾਰ ਤੇ ਜਨਮ ਲਿਆ ਸੀ) ਭੇਸ ਬਦਲ ਕੇ ਕਿਸੇ ਗੁਪਤ ਥਾਂ ਉਤੇ ਚਲੇ ਗਏ ਤੇ ਉਥੋਂ ੧੦੪ ਵਰ੍ਹੇ ਆਲੇ ਦੁਆਲੇ ਆਪਣੇ ਖਾਲਸੇ ਨਾਲ ਵਾਪਰ ਰਹੀਆਂ ਘਟਨਾਵਾਂ ਤੋਂ ਬਿਲਕੁਲ ਨਿਰਭੈ ਤੇ ਅਛੋਹ ਰਹੇ। ਹੋਸ਼ ਹਵਾਸ ਕਾਇਮ ਰਖਣ ਵਾਲਾ ਕੌਣ ਗੁਰੂ ਗੋਬਿੰਦ ਸਿੰਘ ਜੀ ਬਾਬਤ ਇਹ ਮੰਨ ਸਕੇਗਾ?" ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਲਿਖੇ ਗਏ ਵਾਕਿਆਤ ਤੇ ਕਥਾਵਾਂ ਨੂੰ ਪਰਖਣ ਲਈ ਸਭ ਤੋਂ ਵਧੀਆ ਘਸਵਟੀ ਇਹ ਵੇਖਣਾ ਹੈ ਕਿ ਕੀ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਆਪ ਪ੍ਰਚਾਰੇ ਲਿਖੇ ਤੇ ਵਰਤੇ ਉਦੇਸ਼ਾਂ ਦੇ ਅਨੁਸਾਰ ਤੇ ਉਨ੍ਹਾਂ ਨਾਲ ਢੁਕਦੇ ਹਨ।

ਏਹੋ ਜਿਹੀਆਂ ਕੁਝ ਕਹਾਣੀਆਂ ਹਨ:—

੧. 'ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਇਹ ਭੁਲੇਖਾ ਪਾਇਆ ਕਿ ਮੈਂ ਸਮਾ ਗਿਆ ਹਾਂ ਪਰ ਅਸਲ ਵਿਚ ਉਹ ਕਿਸੇ ਦੁਰਾਡੀ ਥਾਂ ਲਈ ਖਿਸਕ ਗਏ।' ਕੀ ਇਹ ਆਪਣੇ ਸਿੱਖਾਂ ਨਾਲ ਹੀ ਧੋਖਾ ਕਰਨਾ ਨਹੀਂ, ਇਹ ਕਿਸੇ ਤਰ੍ਹਾਂ ਭੀ ਅਵੱਗਿਆ ਘਟ ਨਹੀਂ।

੨. 'ਗੁਰੂ ਗੋਬਿੰਦ ਸਿੰਘ ਭੇਸ ਵਟਾ ਕੇ ਇਕ ਸੌ ਤੋਂ ਉਪਰ ਵਰ੍ਹੇ ਜੀਵਤ ਰਹੇ ਤੇ ਕਿਸੇ ਨੂੰ ਉਨ੍ਹਾਂ ਬਾਬਤ ਪਤਾ ਨਾ ਲੱਗਾ।' ਇਹ ਇਕ ਸਚਾਈ ਹੈ ਕਿ ਮਹਾਰਾਜਾ ਰਣਜੀਤ ਸਿੰਘ ਕਿਸੇ ਅਜਿਹੇ ਵਿਅਕਤੀ ਨੂੰ ਮਿਲਣ ਲਈ ਬਹੁਤ ਉਤਸੁਕ ਸੀ ਜਿਸ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਆਪਣੀਆਂ ਅੱਖਾਂ ਨਾਲ ਦਰਸ਼ਨ ਕੀਤੇ ਹੋਣ। ਉਸ ਨੇ ਆਪਣੇ ਸਾਰੇ ਰਾਜ ਵਿਚ ਅਜਿਹੇ ਵਿਅਕਤੀ ਦੀ ਭਾਲ ਲਈ ਹੁਕਮ ਭੀ ਜਾਰੀ ਕੀਤੇ, ਅੰਤ ਮਹਾਰਾਜੇ ਦੇ ਆਦਮੀਆਂ ਨੇ ਇਕ ਬਜ਼ੁਰਗ ਮੁਸਲਮਾਨ ਲੱਭਾ, ਜਿਸ ਨੇ ਬਚਪਨ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕੀਤੇ ਸਨ (ਉਪਰ ਕਥਿਤ ਕਥਾਵਾਂ ਦਾ ਸਫਾ ੬੧)। ਜਦੋਂ ਇਹ ਭਾਲ ਹੋ ਰਹੀ ਤੇ ਹੁਕਮ ਜਾਰੀ ਕੀਤੇ ਜਾ ਰਹੇ ਸਨ ਤਾਂ ਕੋਈ ਸਿੱਖ, ਹਿੰਦੂ, ਮੁਸਲਮਾਨ ਨਹੀਂ ਸੀ


www.AKJ.Org

ਜਿਸ ਨੂੰ ਗੁਰੂ ਜੀ ਦੇ ਸਰੀਰਕ ਰੂਪ ਵਿਚ ਹੋਣ ਦਾ ਪਤਾ ਹੁੰਦਾ, ਤਾਂ ਜੁ ਮਹਾਰਾਜੇ ਨੂੰ ਦਸਦਾ ? ਮਹਾਂ-ਰਾਜਾ ਇਹ ਜਾਣ ਕੇ ਕਿੰਨਾ ਖੁਸ਼ ਹੁੰਦਾ ਤੇ ਉਸ ਆਦਮੀ ਨੂੰ ਮਹਾਰਾਜੇ ਵਲੋਂ ਕਿੰਨਾ ਕੁਝ ਇਨਾਮ ਦਿਤਾ ਜਾਂਦਾ !

੩. ਨਾਮਧਾਰੀਆਂ ਦੇ ਲਿਖੇ ਵਾਕਿਆਤ ਕਹਿੰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ 'ਅਜਾਪਾਲ' ਸਿੰਘ ਆਪਣਾ ਨਾਂ ਰਖ ਕੇ ਜੀਵਤ ਰਹੇ। 'ਅਜਾਪਾਲ' ਸ਼ਬਦ ਦੇ ਅਰਥ ਹਨ 'ਬੱਕਰੀਆਂ ਪਾਲਣ ਵਾਲਾ'। ਕੀ ਇਹ ਕਲਪਣਾ ਮੰਨਣ ਵਿਚ ਆ ਸਕਦੀ ਹੈ ਕਿ ਗਿੱਦੜਾਂ ਤੋਂ ਸ਼ੇਰ ਬਣਾਉਣ ਵਾਲੇ ਨੇ ਇਹੋ ਜਿਹਾ ਨਾ ਚੁਣਿਆ ਹੋਵੇ ?

੪. ਭਾਈ ਕਾਹਨ ਸਿੰਘ ਦੇ ਮਹਾਨ ਕੋਸ਼ ਅਨੁਸਾਰ ਬਾਬਾ ਅਜਾਪਾਲ ਸਿੰਘ ਇਕ ਕੰਦਰਾ ਵਿਚ ਰਹਿਣ ਲਈ ੧੭੫੫ ਵਿਚ ਆਏ ਤੇ ਉਥੇ ਸੰਨ ੧੮੧੨ ਵਿਚ ਗੁਜ਼ਰੇ। ਉਹ ਕਦੇ ਪਿਸ਼ਾਵਰ ਵਲ ਨਾ ਗਏ, ਨਾ ਬਾਬਾ ਬਾਲਕ ਸਿੰਘ ਨੂੰ ਮਿਲੇ।

ਸੰਨ ੧੬੬੬ ਤੋਂ ੧੮੧੨ ਤਕ ੪੬ ਸਾਲ ਦਾ ਸਮਾਂ ਹੈ ਜਿਸ ਵਿਚੋਂ ਗੁਰੂ ਜੀ ਦੇ ਆਦਰਸ਼ਕ ਜੀਵਨ ਦੇ ਰੁਝੇਵੇਂ ਦੇ ੪੨ ਵਰ੍ਹਿਆਂ ਦਾ ਸਭ ਨੂੰ ਪਤਾ ਹੈ ਤੇ ੧੦੪ ਵਰ੍ਹਿਆਂ ਦਾ ਕੇਵਲ ਕੂਕਿਆਂ ਨੂੰ ਪਤਾ ਹੈ। ਪਰ ਇਨ੍ਹਾਂ ਵਿਸਥਾਰਾਂ ਵਿਚ ਜਾਣ ਦੀ ਕੀ ਲੋੜ ਹੈ ? ਬਾਬਾ ਬਾਲਕ ਸਿੰਘ ਜਾਂ ਬਾਬਾ ਰਾਮ ਸਿੰਘ ਨੇ ਕਦੇ ਭੀ ਗੁਰੂ ਗੋਬਿੰਦ ਸਿੰਘ ਜੀ ਦੀ ਗਦੀ ਦੇ ਵਾਰਸ ਹੋਣ ਦਾ ਦਾਅਵਾ ਨਹੀਂ ਕੀਤਾ। ਇਕ ਭੀ ਪ੍ਰਮਾਣੀਕ ਲਿਖਤ ਕੋਈ ਦਸੇ ਜੋ ਇਸ ਦੀ ਕਸਵਟੀ ਉਤੇ ਟਿਕ ਸੇਕੇ ਕਿ ਇਹਨਾ ਵਿਚੋਂ ਕਿਸੇ ਨੇ ਭੀ ਗੁਰੂ ਹੋਣ ਦਾ ਦਾਅਵਾ ਕੀਤਾ ਹੋਵੇ। ਬਾਬਾ ਰਾਮ ਸਿੰਘ ਨੂੰ ਦੇਸ਼-ਨਿਕਾਲਾ ਦਿਤਾ ਗਿਆ ਸੀ ਤੇ ਉਹ ਰੰਗੂਨ ਤੋਂ ਚਿਠੀਆਂ ਲਿਖਦੇ ਰਹੇ ਹਨ। ਇਨ੍ਹਾਂ ਵਿਚੋਂ ਕਿਸੇ ਇਕ ਚਿਠੀ ਵਿਚ ਭੀ ਇਹੋ ਜਿਹੇ ਕਿਸੇ ਦਾਅਵੇ ਦਾ ਕੋਈ ਵਰਣਨ ਨਹੀਂ। ਬਾਬਾ ਰਾਮ ਸਿੰਘ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਸਿਖ ਮੰਨਦੇ, ਦਸਦੇ ਤੇ ਇੰਜ ਹੀ ਵਰਤੋਂ ਕਰਦੇ ਰਹੇ।

ਕੀ ਸਾਡੇ ਨਾਮਧਾਰੀ ਭਰਾ ਸਾਡੇ ਅੰਦਰ ਇਹ ਗੱਲ ਧਸੋੜਨੀ ਚਾਹੁੰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ੪੨ ਵਰ੍ਹੇ ਤਾਂ ਇਨਕਲਾਬੀ ਜੀਵਨ ਜੀਵੇ ਤੇ ਫਿਰ ਸਿਖਾਂ ਨੂੰ ਧੋਖਾ ਦੇ ਕੇ ਛਿਪ ਗਏ ਤੇ ੧੦੪ ਵਰ੍ਹੇ ਭਗੌੜਾ ਹੋ ਕੇ ਲੁਕ ਕੇ ਬੈਠੇ ਰਹੇ ਤੇ ਉਸ ਸਮੇਂ ਭੀ ਲੁਕੇ ਰਹੇ ਜਦੋਂ ਉਹਨਾਂ ਦੇ ਆਪਣੇ ਸਿਖ ਪੰਜਾਬ ਵਿਚ ਰਾਜ ਕਰ ਰਹੇ ਸਨ।

ਕਿਸੇ ਘੜੀ ਗਈ ਬਾਤ ਦੀ ਵੀ ਕੋਈ ਹਦ ਹੋਣੀ ਚਾਹੀਦੀ ਹੈ !

ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਪ੍ਰਤਾਪ ਸਿੰਘ ਨੇ "ਕੂਕਾ ਗੁਰੂ ਡੰਮ" ਨਾਂ ਦੇ ਇਕ ਟਰੈਕਟ ਵਿਚ, ਜੋ ਅੰਮ੍ਰਿਤਸਰ ਵਿਚ ਛਪਿਆ ਸੀ, ਇਸ ਸਮੱਸਿਆ ਦਾ ਵਿਸ਼ਲੇਸ਼ਣ ਕੀਤਾ ਹੈ। ਉਨ੍ਹਾਂ ਨੇ ਨਾਮਧਾਰੀਆਂ ਦੇ ਇਨ੍ਹਾਂ ਦਾਅਵਿਆਂ ਦੇ ਢੋਲ ਦਾ ਪੋਲ ਕਿਸੇ ਸ਼ੱਕ ਦੀ ਗੁੰਜਾਇਸ਼ ਨਾ ਛਡ ਕੇ ਖੋਲ੍ਹ ਦਿਤਾ ਹੈ। ਲੋੜ ਨਹੀਂ ਕਿ ਮੈਂ ਉਨ੍ਹਾਂ ਨੂੰ ਦੁਹਰਾਵਾਂ।

ਮੈਂ ਗੁਰੂ ਸਾਹਿਬ ਦੀ ਦੂਰਅੰਦੇਸ਼ੀ ਵੇਖ ਕੇ ਸਚਮੁਚ ਹੀ ਹੈਰਾਨ ਹਾਂ ਕਿ ਉਨ੍ਹਾਂ ਨੇ ਇਕ ਅਜਿਹੀ ਰਹੱਸਮਈ ਸ਼ਕਤੀ ਪੈਦਾ ਕਰ ਦਿਤੀ, ਜਿਸ ਨੇ ਸਿੱਖੀ ਦੇ ਮੂਲ ਤੱਤ ਨੂੰ ਹੁਣ ਤਕ ਇਕ ਰਖਿਆ ਹੈ ਤੇ ਪੱਕੀ ਗੱਲ ਹੈ ਕਿ ਭਵਿਖ ਵਿਚ ਭੀ ਉਨਾ ਚਿਰ ਇਨ੍ਹਾਂ ਨੂੰ ਇਕ ਕਰੀ ਰਖੇਗੀ ਜਿੰਨਾ ਚਿਰ ਸਿੱਖ ਉਸ ਸ਼ਕਤੀ ਦੇ ਬਿੰਦੂ ਦੇ ਦੁਆਲੇ ਪ੍ਰੇਰਨਾ ਤੇ ਸੇਧ ਲਈ ਜੁੜੇ ਰਹਿਣਗੇ। ਮੇਰਾ ਹਿਰਦਾ ਉਨ੍ਹਾਂ ਸਿੱਟਿਆਂ ਨੂੰ ਵੇਖ ਕੇ ਕੰਬਦਾ ਹੈ ਜੋ ਦੇਹਧਾਰੀ ਗੁਰੂ ਦਾ ਸਿਲਸਿਲਾ ਬੰਦ ਨਾ ਹੋਣ ਦੀ ਹਾਲਤ ਵਿਚ ਨਿਕਲ ਸਕਦੇ ਹਨ। "ਬਾਣੀ" ਦਾ ਕੀ ਰੂਪ ਹੁੰਦਾ ਜੇ ਗੁਰ-ਗਦੀ ਦੇ ਇਹੋ ਜਿਹੇ ਦਾਅਵੇਦਾਰ ਆਪਣੀ ਰਚਨਾ ਭੀ ਇਸ ਨਾਲ ਜੋੜੀ ਜਾਂਦੇ ਤੇ ਜੇ ਹੋਰ ਗੁਰੂ ਹੁੰਦੇ ਤਾਂ ਉਹ ਜ਼ਰੂਰ ਬਾਣੀ ਰਚਦੇ ਤੇ ਜੋੜਦੇ। ਇਉਂ ਤਾਂ ਸਾਰੀ ਹੀ ਉਚਤਾ ਨਸ਼ਟ ਹੋ ਜਾਂਦੀ।

ਜੇ ਹੁਣ ਵਾਲੀ ਸ਼ੁਧਤਾ ਖਰਾਬ ਹੋ ਗਈ ਹੁੰਦੀ, ਤਾਂ ਗਰੀਨਲ ਨਾ ਲਿਖਦਾ, "ਦੁਨੀਆ ਦੀਆਂ ਧਾਰਮਕ



www.AKJ.Org

ਪੁਸਤਕਾਂ ਵਿਚੋਂ ਘਟ ਹੀ ਕੋਈ ਗੁਰੂ ਗ੍ਰੰਥ ਸਾਹਿਬ ਦੀ ਇੰਨੀ ਉਚੀ ਸਾਹਿਤਕ ਪਧਰ ਦੀ ਲਗਾਤਾਰ ਪ੍ਰੇਰਨਾ ਤਕ ਪੁਜਦੀ ਹੈ ।'' ਅਤੇ ਸੰਸਾਰ ਪ੍ਰਸਿਧ ਇਤਿ-ਹਾਸਕਾਰ ਆਰਨੋਲਡ ਟਾਇਨਬੀ ਨਾ ਕਹਿੰਦਾ :—

''ਇਸ ਹੋ ਰਹੀ ਧਾਰਮਿਕ ਵਿਚਾਰ ਗੋਸ਼ਟੀ ਵਿਚ (ਜੋ ਧਰਮਾਂ ਦੀ ਆਪੋ ਵਿਚ ਹੋ ਰਹੀ ਹੈ) ਸਿਖ ਧਰਮ ਤੇ ਗੁਰੂ ਗ੍ਰੰਥ ਸਾਹਿਬ ਰਾਹੀਂ ਸੰਸਾਰ ਨੂੰ ਇਕ ਵਿਸ਼ੇਸ਼ ਕੀਮਤੀ ਸੰਦੇਸ਼ ਮਿਲੇਗਾ ।''

ਜੇ ਅੰਮ੍ਰਿਤ ਛਕਾਉਣਾ ਤੇ ਦੁਰਬਲਾਂ ਨੂੰ ਬਹਾਦਰ ਸਿਪਾਹੀ ਬਨਾਉਣਾ ਗੁਰੂ ਗੋਬਿੰਦ ਸਿੰਘ ਦੀ ਵੱਡੀ ਤੋਂ ਵਡੀ ਕਰਾਮਾਤ ਹੈ ਤਾਂ ਕਿਸੇ ਇਕ ਮਨੁਖ ਨੂੰ ਗੁਰੂ ਥਾਪਣ ਦੀ ਪ੍ਰਥਾ ਨੂੰ, ਸ਼ਬਦ ਦੀ ਸ਼ੁਧਤਾ ਤੇ ਉਚਤਾ ਨੂੰ ਕਾਇਮ ਰਖਣ ਲਈ ਖਤਮ-ਕਰਨਾ, ਉਨ੍ਹਾਂ ਦਾ ਉਨਾ ਹੀ ਮਹਾਨ ਦੂਜਾ ਕਰਾਮਾਤੀ ਕਾਰ-ਨਾਮਾ ਹੈ ।

ਗੁਰੂ ਨਾਨਕ ਰਾਹੀਂ ਅਰੰਭੇ ਕੰਮ ਲਈ ਇਹ ਦੋਵੇਂ ਕਾਰਜ ਇਕ ਦੂਜੇ ਦੇ ਸਹਾਇਕ ਸਨ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਇਹਨਾਂ ਨੂੰ ਸਿਰੇ ਚਾੜ੍ਹਿਆ ।

ਸੈਨਾਪਤੀ ਦੇ ਸ਼ਬਦਾਂ ਵਿਚ :—

ਨਾਮਧਾਰੀਆਂ ਵਲੋਂ ਦੂਜਾ ਸਵਾਲ ਦਸਮ ਗ੍ਰੰਥ ਦੇ ਰਚਨਹਾਰ (ਕਰਤਾ) ਸਬੰਧੀ ਹੈ, ਜੋ ਵਖਰਾ ਵਿਚਾਰਿਆ ਜਾ ਸਕਦਾ ਹੈ ।

ਪਰ ਆਪਣੇ ਭਰਾਵਾਂ ਲਈ ਪੂਰਨ ਸਤਿਕਾਰ ਰਖਦਿਆਂ, ਕੀ ਮੈਂ ਪੁਛ ਸਕਦਾ ਹਾਂ ਕਿ ਕੀ ਇਹ ਯੋਗ ਹੈ ਕਿ ਇਹੋ ਜਿਹੇ ਮਤਭੇਦ ਵਾਲੇ ਸਵਾਲ ਘੜੀ ਮੁੜੀ ਉਠਾਏ ਜਾਣ । ਇਹ ਜੋ ਸਮਾਂ ਇਸ ਕੰਮ ਲਈ ਚੁਣਿਆ ਗਿਆ ਹੈ,ਇਹ ਏਕਤਾ ਤੇ ਇਕ-ਸੁਰਤਾ ਨਹੀਂ ਪੈਦਾ ਕਰੇਗਾ ।

ਆਪਣੇ ਜੋਤੀ ਜੋਤਿ ਸਮਾਉਣ ਤੋਂ ਇਕ ਦਿਨ ਪਹਿਲਾਂ ਸਿੰਘਾਂ ਨੇ ਗੁਰੂ ਜੀ ਨੂੰ ਉਸ ਰੂਪ (ਜਾਂ ਮਨੁਖ) ਜੋ ਹੁਣ ਉਹ ਧਾਰਨਗੇ, ਬਾਬਤ ਪੁਛਿਆ । ਉਤਰ ਵਿਚ ਗੁਰੂ ਜੀ ਨੇ ਕਿਹਾ, 'ਖਾਲਸਾ ਮੇਰਾ ਖਾਸ ਰੂਪ ਹੈ, ਤੇ ਇਸੇ ਨੂੰ ਮੈਂ ਆਪਣਾ ਪਹਿਰਾਵਾ (ਸਰੀਰਕ ਰੂਪ) ਦਿਤਾ ਹੈ, ਤੇ ਅਟੱਲ ਤੇ ਅਨੰਤ 'ਸ਼ਬਦ' ਹੀ, ਜੋ ਵਾਹਿਗੁਰੂ ਦੀ ਜੋਤਿ ਕਿਹਾ ਗਿਆ ਹੈ, ਸਾਡਾ ਸਰਵ-ਉਚ ਮਾਲਕ (ਸਤਿਗੁਰੂ ਹਮਾਰਾ) ਹੈ ।

ਡਾਕਟਰ ਗੰਡਾ ਸਿੰਘ ਅਗੇ ਉਸੇ ਪੁਸਤਕ ਵਿਚ, ਜਿਸ ਵਿਚੋਂ ਸੈਨਾਪਤੀ ਦਾ ਉਪਰੋਕਤ ਹਵਾਲਾ ਲਿਆ ਗਿਆ ਹੈ, ਲਿਖਦੇ ਹਨ, ਇਸ ਉਪਰਲੀ ਗੱਲ ਦੀ ਪ੍ਰੋੜ੍ਹਤਾ ਭਾਈ ਨੰਦ ਲਾਲ ਜੀ ਭੀ ਕਰਦੇ ਹਨ ।

['ਅਜੀਤ' ੧੪, ੧੬, ੧੮ ਜੂਨ

## ਜ਼ਰੂਰੀ ਬੇਨਤੀਆਂ —

(੧) ਦੇਸ ਪਰਦੇਸ ਦੇ ਪਾਠਕ ਵੀਰਾਂ ਪ੍ਰਤੀ ਬੇਨਤੀ ਹੈ ਕਿ 'ਸੂਰਾ' ਪਰਚਾ ਦੀ ਪਿਠ ਪਿਛੇ ਚੰਦਾ ਖਤਮ ਦੀ ਮੋਹਰ ਲਗੀ ਵੇਖਦੇ ਸਾਰ ਤੁਰੰਤ ਰਕਮ ਭੇਜਣ ਦੀ ਕਿਰਪਾਲਤਾ ਕਰੋ ।

(੨) ਚੰਦਾ ਦਸ ਵਿਚੋਂ ਮਨੀਆਰਡਰ ਰਾਹੀਂ ਅਤੇ ਪਰਦੇਸ ਵਿਚੋਂ ਅੰਮ੍ਰਿਤਸਰ ਦੇ ਕਿਸੇ ਬੈਂਕ ਦੇ ਨਾਂ ਦਾ ਡਰਾਫਟ ਜਾਂ ਪੋਸਟਲ ਆਰਡਰ ਰਾਹੀਂ ਭੇਜੋ । ਚੈਕ ਨਾ ਭੇਜੋ ।

## ਕੇਸਾਂ ਬਾਰੇ ਵਿਗਿਆਨਕ ਤੇ ਇਤਿਹਾਸਕ ਖੋਜ

''ਕੇਸ ਕਿਉਂ ਜ਼ਰੂਰੀ ਹਨ'' ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਟ੍ਰੈਕਟ ਦੇ ਨਾਲ ਸ: ਸਰੂਪ ਸਿੰਘ ਜੀ 'ਅਲਗ' ਦਾ ਉਪਰੋਕਤ ਹੈਡਿੰਗ ਵਾਲਾ ਲੇਖ ਸ਼ਾਮਲ ਹੈ । ਪਰਚਾਰ ਲਈ ਵੰਡਣ ਲਈ ਖਾਸ ਰਿਆਇਤ, ਭੇਟਾ ਤੀਹ ਪੈਸੇ ।



www.AKJ.Org

# ਅਬਦਾਲੀ, ਸਿਖ ਤੇ ਵਡਾ ਘਲੂਘਾਰਾ (੧੧)

[ਵਲੋਂ—ਕੈਪਟਨ ਸਵਰਨ ਸਿੰਘ ਜੀ, ਘੜਿਆਲਾ]

(ਮਈ ਤੋਂ ਅੱਗੇ)

## ਕਸੂਰ ਨੂੰ ਸੋਧਣਾ--

ਇਸ ਸਾਲ ਵੈਸਾਖੀ ੧੦ ਅਪ੍ਰੈਲ ੧੭੬੩ ਨੂੰ ਸੀ। ਖਾਲਸਾ ਜੀ ਪੰਜਾਬ ਦੇ ਹਰ ਪਾਸਿਓਂ ਦਰਸ਼ਨਾਂ ਲਈ ਸ੍ਰੀ ਅੰਮ੍ਰਿਤਸਰ ਸਾਹਿਬ ਹੁਮ ਹੁਮਾ ਕੇ ਪੁਜਾ ਹੋਇਆ ਸੀ। ਇਸ ਵੇਲੇ ਖਾਲਸਾ ਜੀ ਦੀ ਜੈਜੈਕਾਰ ਹੋ ਰਹੀ ਸੀ ਅਤੇ ਹਰ ਪਾਸੇ ਖਾਲਸੇ ਦੀ ਦੋਹੀ ਫਿਰੀ ਹੋਈ ਸੀ। ਬਾਬਾ ਬੰਦਾ ਸਿੰਘ ਜੀ ਦੀ ੧੯ ਜੂਨ ੧੭੧੬ ਵਿਚ ਹੋਈ ਸ਼ਹਾਦਤ ਪਿਛੋਂ, ਖ਼ਾਲਸਾ ਉਸੇ ਤਰ੍ਹਾਂ ਹੀ ਦੇਸ ਦੀ ਆਨ ਸ਼ਾਨ ਬਦਲੇ ਅਤੇ ਨਿਰਬਲਾਂ ਨਿਮਾਣਿਆਂ ਦੀ ਖਾਤਰ ਜੂਝ ਜੂਝ ਕੇ ਦੇਸ਼ ਵਿਚਲੇ ਜਰਵਾਣਿਆਂ ਅਤੇ ਬਾਹਰੋਂ ਆਏ ਹਮਲਾ-ਆਵਰ-ਲੋਟੂਆਂ ਅਤੇ ਜਾਬਰਾਂ ਨਾਲ ਟੱਕਰ ਲੈ ਰਿਹਾ ਸੀ। ਹਰ ਪ੍ਰਕਾਰ ਦੀ ਭੀੜ ਸਹੀੜ ਜਾਂ ਬਿਪਤਾ ਦੇ ਸਮੇਂ ਖਾਲਸਾ ਹੀ ਸਹਾਈ ਹੁੰਦਾ ਸੀ। ਹਰ ਪ੍ਰਕਾਰ ਦਿਆਂ ਮੁਆਮਲਿਆਂ ਵਿਚ, ਚਾਹੇ ਰਾਜਸੀ ਹੋਣ ਜਾਂ ਸਮਾਜਕ ਜਾਂ ਧਾਰਮਕ, ਖਾਲਸਾ ਦੀਨ ਦੁਖੀਆਂ ਅਤੇ ਨਿਰਬਲਾਂ ਨਿਆਸਰਿਆਂ ਲਈ ਰੱਬ ਵਰਗਾ ਆਸਰਾ ਤੇ ਪਹਾੜ ਵਰਗੀ ਓਟ ਸੀ।

ਏਸੇ ਦਿਨ ਐਨ ਉਸ ਵੇਲੇ, ਜਦ ਕਿ ਸ੍ਰੀ ਅਕਾਲ ਤਖਤ ਦੇ ਸਾਮ੍ਹਣੇ ਖਾਲਸਾ ਜੀ ਦਾ ਦੀਵਾਨ ਸੱਜਿਆ ਹੋਇਆ ਸੀ ਤੇ ਸ: ਹਰੀ ਸਿੰਘ ਜੀ ਭੰਗੀ ਵੀ ਉਥੇ ਸਸ਼ੋਭਤ ਹੋ ਰਿਹਾ ਸੀ, ਕਸੂਰ ਤੋਂ ਚਲ ਕੇ ਆਈ ਬ੍ਰਾਹਮਣਾਂ ਦੀ ਪਰ੍ਹੈ ਹਾਜ਼ਰ ਹੋਈ। ਇਕ ਬ੍ਰਾਹਮਣ ਨੇ ਬੜੇ ਦਰਦਨਾਕ ਸ਼ਬਦਾਂ ਵਿਚ ਪੁਕਾਰ ਕੀਤੀ ਕਿ ਉਸਮਾਨ ਖਾਨ ਕਸੂਰੀਏ ਨੇ ਜ਼ਬਰਦਸਤੀ ਉਸ ਦੀ ਇਸਤ੍ਰੀ ਖੋਹ ਕੇ ਮੁਸਲਮਾਨੀ ਬਣਾ ਕੇ ਆਪਣੇ ਹਰਮਾਂ ਵਿਚ ਪਾ ਲਈ ਹੈ।* ਦੁਖੀ ਬ੍ਰਾਹਮਣ ਨੇ ਦੁਹਾਈ ਦੇ ਕੇ ਇਨਸਾਫ ਲਈ ਮੰਗ ਕੀਤੀ। ਬਾਕੀ ਪਰ੍ਹੇ ਨੇ ਵੀ ਦਸਿਆ ਕਿ ਓਥੇ ਹਿੰਦੂਆਂ ਨਾਲ ਕੀ ਬੀਤਦੀ ਹੈ। ਹਿੰਦੂਆਂ ਲਈ ਜੀਊਣਾ ਹਰਾਮ ਕੀਤਾ ਹੋਇਆ ਹੈ। ਬੀਰ ਬਹਾਦਰ ਖਾਲਸਾ ਜੀ, ਸਾਡੀ ਗਰੀਬਾਂ ਤੇ ਅਨਾਥਾਂ ਦੀ ਦੁਹਾਈ ਹੈ। ਸਾਨੂੰ ਨਮਾਣਿਆਂ ਨੂੰ ਇਸ ਕੁੰਭੀ ਨਰਕ ਚੋਂ ਕਢੋ। ਪਠਾਣ ਸਿਰਫ਼ ਤੁਹਾਡੀ ਤੇਗ਼ ਤੋਂ ਹੀ ਕੰਬਦਾ ਹੈ। ਜੇ ਤੁਸਾਂ ਸਾਡੀ ਗਰੀਬ ਬ੍ਰਾਹਮਣਾਂ ਦੀ ਬਾਂਹ ਨਾ ਫੜੀ, ਸਾਡਾ ਕਸੂਰ ਨੂੰ ਵਾਪਸ ਮੁੜਨਾ ਅਤਿ ਕਠਨ ਹੈ। ਅਸੀਂ ਕਿਤੇ ਜੋਗੇ ਵੀ ਨਹੀਂ ਰਹਾਂਗੇ। ਖਾਲਸਾ ਜੀ, ਸਾਡੀ ਤੁਹਾਡੇ ਅਗੇ ਦੁਹਾਈ ਹੈ। ਸਾਡੀ ਗਰੀਬਾਂ ਦੀ ਸਹਾਇਤਾ ਕਰ ਕੇ ਸਾਨੂੰ ਮੁੜ ਵਸਣ ਜੋਗੇ ਕਰੋ।

ਦੁਖੀ ਬ੍ਰਾਹਮਣਾਂ ਦੀ ਹਾਲ ਪਾਹਰਿਆ ਸੁਣ ਕੇ ਸ: ਹਰੀ ਸਿੰਘ ਜੀ ਭੰਗੀ, ਜੋ ਤਰੁਨਾ ਦਲ ਦੇ ਮੁਖੀ ਸਨ, ਰੋਹ ਤੇ ਕ੍ਰੋਧ ਨਾਲ ਅੰਗਿਆਰ ਵਾਂਙੂ ਭਖ ਉਠੇ। ਝਟ ਤਲਵਾਰ ਮਿਆਨ ਚੋਂ ਖਿਚੀ ਤੇ

---

* ਬੂਟੇ ਸ਼ਾਹ ਤਾਰੀਖ-ਏ-ਪੰਜਾਬ, ਸਫ਼ਾ ੫੩੪-੩੫; ਅਹਿਮਦ ਸ਼ਾਹ ਬਟਾਲੀਆ—੪੯੧-੯੨; ਸ: ਰਤਨ ਸਿੰਘ ਭੰਗੂ-ਪ੍ਰਾਚੀਨ ਪੰਥ ਪ੍ਰਕਾਸ਼ ੪੭੩-੮੧; ਗਿ: ਗਿਆਨ ਸਿੰਘ—ਪੰਥ ਪ੍ਰਕਾਸ਼ ਸਫਾ ੭੯੭-੮੦੭; ਸ: ਕਰਮ ਸਿੰਘ ਹਿਸਟੋਰੀਅਨ—''ਬੰਦਾ ਕੌਨ ਥਾ'' ੬-੭; 'ਡਾ: ਹਰੀ ਰਾਮ ਗੁਪਤਾ : ਹਿਸਟ੍ਰੀ ਆਫ਼ ਦੀ ਸਿਖਸ ਸਫ਼ਾ ੧੯੬-੯੭; ਡਾ: ਗੰਡਾ ਸਿੰਘ : ਅਹਿਮਦ ਸ਼ਾਹ ਦੁਰਾਨੀ ੨੯੯; ਸ: ਜਸਾ ਸਿੰਘ ਆਹਲੂਵਾਲੀਆ ਸਫ਼ਾ ੧੩੩-੩੪; ਪ੍ਰਿੰ: ਸਤਬੀਰ ਸਿੰਘ, ''ਸਾਡਾ ਇਤਿਹਾਸ'' ਭਾਗ ਦੂਜਾ, ਸਫ਼ਾ ੧੭੫-੭੬।

www.AKJ.Org

ਗਰਜ ਕੇ ਕਿਹਾ, "ਖਾਲਸਾ ਜੀ ਦੇ ਹੁੰਦਿਆਂ ਈਂ ਇਹ ਜ਼ੁਲਮ ! ਬਸ ਹੁਣ ਜਾਂ ਕਸੂਰ ਰਹੂ ਜਾਂ ਖਾਲਸਾ ਰਹੂਗਾ। ਖਾਲਸਾ ਜੀ ਕੂਚ ਦੀਆਂ ਤਿਆ-ਰੀਆਂ ਕਰੋ।"

ਕੁਝ ਦੇਰ ਦੇ ਸਨਾਟੇ ਤੋਂ ਬਾਅਦ ਉਥੇ ਹਾਜ਼ਰ ਮਿਸਲਾਂ ਦਿਆਂ ਮੁਖੀਆਂ ਨੇ ਰਾਏ ਦਿਤੀ ਕਿ ਐਸ ਵੇਲੇ ਸ੍ਰੀ ਅੰਮ੍ਰਿਤਸਰ ਵਿਖੇ ਸਿਰਫ ਪੰਜ ਮਿਸਲਾਂ ਹੀ ਹਨ, ਗਿਣਤੀ ਬੜੀ ਥੋੜ੍ਹੀ ਹੈ। ਕਸੂਰ ਇਕ ਬੜੀ ਵੱਡੀ ਤਾਕਤ ਹੈ।† ਕਸੂਰ ਵਿਚ ਅਨੇਕਾਂ ਗੜ੍ਹੀਆਂ ਹਨ ਜੋ ਹਰ ਤਰ੍ਹਾਂ ਦੇ ਜੰਗੀ ਸਮਾਨਾਂ

---

†ਨੋਟ :—ਕਸੂਰ ਇਕ ਬੜਾ ਕਦੀਮ ਪੁਰਾਣਾ ਸ਼ਹਿਰ ਹੈ। ਇਸ ਵਿਚ "ਖਸ਼ਗਈ" ਗੋਤ ਦੇ ਪਠਾਣ ਵਸਦੇ ਹਨ। (ਕਸੂਰ ਸ਼ਬਦ ਕਸਰ ਦੀ ਜਮਆ ਹੈ, ਜੋ ਅਰਬੀ ਬੋਲੀ ਦਾ ਸ਼ਬਦ ਹੈ ਅਤੇ ਇਸ ਦੇ ਅਰਥ ਹਨ :— ਕੋਤਾਹੀ, ਕਮੀ ਵਾਕਿਆ ਹੋਣਾ, ਕਪੜੇ ਧੋਣਾ, ਉਮਦਾ ਮਕਾਨ, ਮਹੱਲ, ਕਿਲਾਅ—ਲੁਗਾਤ-ਏ-ਕਿਸ਼ਵਰੀ) ਕਸੂਰ ਦਾ ਅਰਥ ਬਣਿਆ ਕਿਲ੍ਹਿਆਂ ਦਾ ਝੁੰਡ ਜਾਂ ਝੁਰਮਟ। ਕਸੂਰ ਦੇ ੧੨ ਕਿਲ੍ਹੇ ਜਾਂ ਕੋਟ ਹਨ। ਅੱਜ ਵੀ ਕਸੂਰਵਾਸੀ ਜਾਂ ਚਾਰ ਰੁਫੇਰੇ ਦੇ ਲੋਕ ਇਨ੍ਹਾਂ ਨੂੰ ਫਲਾਣੇ ਫਲਾਣੇ ਦਾ ਕੋਟ ਜਾਂ ਗੜ੍ਹੀ ਆਖ ਕੇ ਯਾਦ ਕਰਦੇ ਹਨ। ਇਨ੍ਹਾਂ ਕੋਟਾਂ ਜਾਂ ਗੜ੍ਹੀਆਂ ਦੇ ਇਹ ਨਾਮ ਹਨ : (੧) ਕੋਟ ਖੁਵਾਜਾ ਹੁਸੈਨ ਖਾਨ, (੨) ਕੋਟ ਖੁਵਾਜਾ ਗੁਲਾਮ ਮੁਹਈਉੱਦੀਨ, (੩) ਕੋਟ ਉਸਮਾਨ ਖਾਨ, (੪) ਕੋਟ ਬਦਰਉੱਦੀਨ ਖਾਨ, (੫) ਪੀਰ ਦਾ ਕੋਟ, (੬) ਕੋਟ ਮੁਰਾਦ ਖਾਨ, (੭) ਕੋਟ ਗੜ੍ਹੀ, (੮) ਕਚਾ ਕੋਟ, (੯) ਕੋਟ ਰੁਕਨਉੱਦੀਨ ਖਾਨ, (੧੦) ਕੋਟ ਹਲੀਮ ਖਾਨ, (੧੧) ਕੋਟ ਆਜ਼ਮ ਖਾਨ, (੧੨) ਕੋਟ ਬਹਾਅ-ਉੱਦੀਨ ਖਾਨ।

ਇਹ ਨਾਮ ਡਾ: ਹਰੀ ਰਾਮ ਜੀ ਨੇ ਆਪਣੀ ਪ੍ਰਸਿਧ ਪੁਸਤਕ ਹਿਸਟ੍ਰੀ ਆਫ ਦੀ ਸਿਖਸ ਭਾਗ ਦੂਜਾ ਦੇ ਸਫਾ ੧੯੬ ਪੁਰ ਦਿਤੇ ਹਨ। —ਪੰਜਾਬ ਨੋਟਸ ਐਂਡ ਕੁਐਰੀਜ਼ ਮਈ ੧੮੮੪ ਸਫਾ ੯੧ ਅਤੇ ਫਿਰ ੧੮੮੫ ਮਹੀਨਾ ਅਕਤੂਬਰ ਸਫਾ ੮ ਤੇ ਵੀ ਇਹੋ ਨਾਮ ਹਨ। ਲਾਹੌਰ ਡਿਸਟ੍ਰਿਕਟ ਗਜ਼ਟੀਅਰ ਦੇ ਸਫਾ ੧੯੬ ਉਤੇ ਮਾਮੂਲੀ ਜਿਹੇ ਫਰਕ ਨਾਲ ਇਹੋ ਹੀ ਨਾਮ ਦਿਤੇ ਹਨ।

ਮੁਹੰਮਦ ਗੋਰੀ ਦੇ ਰਾਜ ਸਮੇਂ ਪਠਾਣਾਂ ਨੇ ਇਸ ਨਗਰ ਉਤੇ ਕਬਜ਼ਾ ਜਮਾਇਆ ਸੀ। ਪਿਛੋਂ ਹੌਲੀ ਹੌਲੀ ਇਹ ੧੨ ਥਾਈਂ ਵੰਡਿਆ ਗਿਆ ਤੇ ੧੨ ਕੋਟ ਬਣ ਕੇ ਉਭਰੇ। ਇਹ ਸਾਰੇ ਇਕ ਮਜ਼ਬੂਤ ਫਸੀਲ ਦੇ ਘੇਰੇ ਵਿਚ ਸਨ। ਇਹ ਇਕ ਬੜੀ ਹੀ ਸੁਰੱਖਿਅਤ ਥਾਂ ਸੀ।

ਕਸੂਰ ਦੇ ਵਾਸੀ ਖਸਗਈ ਪਠਾਣ ਕੁਝ ਜ਼ਿਆਦਾ ਹੀ ਆਜ਼ਾਦ ਅਤੇ ਆਕੀ ਤਬੀਅਤ ਦੇ ਸਨ। ਬਹਾਦਰ ਸ਼ਾਹ ਦੇ ਜ਼ਮਾਨੇ ਤੋਂ ਲੈ ਕੇ ਇਸ ਵਕਤ ਤਕ ਕਸੂਰ ਨੇ ਕਦੀ ਵੀ ਲਾਹੌਰ ਦੇ ਹਾਕਮ ਨੂੰ ਆਪਣਾ ਹਾਕਮ ਨਹੀਂ ਸੀ ਮੰਨਿਆ। ਅਬਦੁੱਲ ਸਮੱਦ ਖਾਨ ਨੇ ਕਸੂਰ ਦੀਆਂ ਫੌਜਾਂ ਨੂੰ ਚੂਨੀਆਂ ਦੀ ਲੜਾਈ ਵਿਚ ਵਡੀ ਭਾਰੀ ਸ਼ਿਕੱਸਤ ਦਿਤੀ ਸੀ, ਪਰ ਕਸੂਰ ਨੂੰ ਜਿਤਣ ਦਾ ਉਸ ਨੂੰ ਹੌਸਲਾ ਨਹੀਂ ਪਿਆ। ਉਹ ਇਸ ਨੂੰ ਜਿਤ ਸਕਦਾ ਵੀ ਨਹੀਂ ਸੀ। ਅਬਦੁੱਲ ਸਮੱਦ ਤੋਂ ਪਿਛੋਂ ਜ਼ਕਰੀਆਂ ਖਾਨ ਆਇਆ, ਅਤੇ ਫਿਰ ਮੰਨੂੰ, ਪਰ ਕਸੂਰ ਖ਼ੁਦ ਮੁਖ਼ਤਾਰ ਤੇ ਆਕੀ ਹੀ ਰਿਹਾ। ਅਦੀਨਾ ਬੇਗ ਅਤੇ ਮਰਹੱਟੇ ਇਸ ਨੂੰ ਫਤਹ ਨਾ ਕਰ ਸਕੇ। ਨਾਦਰ ਸ਼ਾਹ ਨੇ ਹਿੰਦੁਸਤਾਨ ਉਤੇ ਹਮਲਾ ਕੀਤਾ। ਉਸ ਦੀ ਫੌਜ ਨੇ ਬਾਕੀ ਸਾਰੇ ਪੰਜਾਬ ਨੂੰ ਮਿੱਟੀ ਵਿਚ ਰਲਾ ਦਿਤਾ ਸੀ, ਪਰ ਉਹ ਕਸੂਰ ਦਾ ਵਾਲ ਵੀ ਵਿੰਗਾ ਨਾ ਕਰ ਸਕੀ। ਇਸ ਤੋਂ ਪਿਛੋਂ ਅਹਿਮਦ ਸ਼ਾਹ ਅਬਦਲੀ ਦਾ ਸਮਾ ਆਇਆ। ਸਾਰਾ ਹਿੰਦੁਸਤਾਨ ਅਬਦਾਲੀ ਦੀ ਤਲਵਾਰ ਤੋਂ ਥਰ ਥਰ ਕੰਬਣ ਲਗਾ, ਪਰ ਕਸੂਰ ਇਨ ਬਿਨ ਆਕੀ ਹੀ ਰਿਹਾ।

ਚੂੰਕਿ ਪੰਜਾਬ ਹਰ ਸਾਲ ਲੁਟੀਂਦਾ ਸੀ, ਇਸ ਲਈ ਸਾਰਿਆਂ ਧਨੀ ਧਨਾਢਾਂ ਅਤੇ ਮਾਲਦਾਰ ਲੋਕਾਂ ਨੇ ਆਪਣਾ ਧਨ ਪਦਾਰਥ ਕਸੂਰ ਵਿਚ ਹੀ ਧਰਿਆ ਹੋਇਆ ਸੀ। ਕਿਉਂਕਿ ਕਸੂਰ ਨੂੰ ਮਰਹੱਟੇ ਵੀ ਨਹੀਂ ਸਨ ਫਤਹ ਕਰ ਸਕੇ, ਹਾਲਾਂਕਿ ਕਸੂਰ ਦੇ

[ਬਾਕੀ ਨੋਟ ਸਫਾ ੨੭ ਦੇ ਹੇਠ ਵੇਖੋ]



www.AKJ.Org

ਨਾਲ ਭਰੀਆਂ ਪਈਆਂ ਹਨ। ਬੁੱਢਾ ਦਲ ਨੂੰ ਸਦ ਘਲਿਆ ਜਾਵੇ ਅਤੇ ਆਉਣ ਤੋਂ ਪਿਛੋਂ ਕੂਚ ਕੀਤਾ ਜਾਵੇ।

ਸ: ਹਰੀ ਸਿੰਘ ਨੇ ਫਿਰ ਗਰਜ ਕੇ ਆਖਿਆ, "ਖਾਲਸਾ ਗਿਣਤੀਆਂ ਮਿਣਤੀਆਂ ਵਿਚ ਯਕੀਨ ਨਹੀਂ ਰਖਦਾ। ਖਾਲਸੇ ਨੂੰ ਜੰਗ ਦਾ ਸੁਆਦ ਆਉਂਦਾ ਹੀ ਤਦ ਹੈ ਜਦ ਵੈਰੀ ਦੀ ਗਿਣਤੀ ਉਸ ਨਾਲੋਂ ਕਈ ਗੁਣਾ ਵਧ ਹੋਵੇ। ਇਸ ਦੁਖੀ ਬ੍ਰਾਹਮਣ ਨੇ ਗੁਰੂ ਦੇ ਦਰਬਾਰ ਵਿਚ ਹਾਜ਼ਰ ਹੋ ਕੇ ਪੁਕਾਰ ਕੀਤੀ ਹੈ। ਸਾਨੂੰ ਸਹਾਇਤਾ ਕਰਨੀ ਹੀ ਬਣਦੀ ਹੈ। ਰਾਜਨੀਤੀ ਮੰਗ ਕਰਦੀ ਹੈ ਕਿ ਬੁੱਢਾ ਦਲ ਨੂੰ ਸਦ ਕੇ ਬਹੁਤ ਤਾਕਤ ਨਾਲ ਹਮਲਾ ਕਰੀਏ, ਪਰ ਏਥੇ ਵੰਗਾਰ ਖਾਲਸੇ ਦੀ ਧਰਮ-ਰਖਿਅਕ ਅਣਖ ਨੂੰ ਹੈ। ਏਥੇ ਹੁਣ ਉਡੀਕ ਕਾਹਦੀ?"

---

[ਸਫਾ ੨੬ ਦੇ ਫੁਟ ਨੋਟ ਦੀ ਬਾਕੀ]

ਮਾਲ ਦੌਲਤ ਉਤੇ ਬੜੀ ਦੇਰ ਤੋਂ ਉਹ ਨਿਗਾਹ ਰਖੀ ਬੈਠੇ ਸਨ ਅਤੇ ਇਸ ਧਨ ਦੌਲਤ ਨੂੰ ਹਾਸਲ ਕਰਨ ਦੀ ਉਨ੍ਹਾਂ ਦੀ ਬੜੀ ਹੀ ਤੀਬਰ ਇਛਿਆ ਸੀ। ਮੁਕਦੀ ਗੱਲ ਇਹ ਹੈ ਕਿ ਸੰਮਤ ੧੭੬੩ ਬਿਕਰਮੀ ਤੋਂ ਲੈ ਕੇ ਸੰਮਤ ੧੮੧੭ ਬਿਕਰਮੀ ਤਕ ਕਸੂਰ ਦਿਆਂ ਅਫਗਾਨਾਂ ਨੇ ਲਾਹੌਰ ਦੇ ਸ਼ਾਹੀ ਖ਼ਜ਼ਾਨੇ ਨੂੰ ਇਕ ਪਾਈ ਤਕ ਵੀ ਅਦਾ ਨਹੀਂ ਕੀਤੀ; ਸਗੋਂ ਸਤਲੁਜ ਤੋਂ ਲੈ ਕੇ ਕਾਨ੍ਹੇ ਕਾਛੇ ਤਕ ਦੇ ਸਾਰੇ ਇਲਾਕੇ ਦੇ ਖ਼ੁਦ ਮੁਖ਼ਤਾਰ ਹਾਕਮ ਬਣੇ ਬੈਠੇ ਸਨ।

[ਸ: ਕਰਮ ਸਿੰਘ ਜੀ ਹਿਸਟੋਰੀਅਨ—ਬੰਦਾ ਕੌਨ ਥਾ—ਸਫਾ ੬-੭]

ਇਹ ਸੀ ਉਹ ਸ਼ਕਤੀ-ਸ਼ਾਲੀ ਕਸੂਰ, ਜਿਸ ਨੂੰ ਫਤਹ ਕਰਨ ਲਈ ਸ: ਹਰੀ ਸਿੰਘ ਭੰਗੀ ਇਕੱਲਾ ਹੀ ਤੁਰ ਪਿਆ ਸੀ। ਅਤੇ ਕਸੂਰ ਕਿੰਨਾ ਕੁ ਮਜ਼ਬੂਤ ਅਤੇ ਸੁਰੱਖਿਅਤ ਸੀ, ਇਨ੍ਹਾਂ ਸਤਰਾਂ ਤੋਂ ਇਸ ਗਲ ਦਾ ਭਲੀ ਭਾਂਤ ਅਨੁਮਾਨ ਲਗ ਸਕਦੈ। ਸ: ਰਤਨ ਸਿੰਘ ਜੀ ਭੰਗੂ ਇਸ ਦੀ ਆਬਾਦੀ ੧੨ ਲਖ ਦੇ ਕਰੀਬ ਦਸਦੇ ਹਨ। —ਸਵਰਨ ਸਿੰਘ]

ਸ: ਚੜ੍ਹਤ ਸਿੰਘ ਨੇ ਸ਼ਮਸ਼ੇਰ ਹੱਥ ਫੜ ਕੇ ਸਨਮੁਖ ਹੋ ਕੇ ਬੇਨਤੀ ਕੀਤੀ ਕਿ ਸ੍ਰੀ ਦਰਬਾਰ ਸਾਹਿਬ ਹਾਜ਼ਰ ਹੋ ਕੇ ਅਰਦਾਸ ਕਰ ਕੇ ਵਾਕ ਲਿਆ ਜਾਵੇ। ਜੋ ਹੁਕਮ ਨਿਕਲੇ ਉਸ ਅਨੁਸਾਰ ਕੀਤਾ ਜਾਵੇ। ਇਹ ਗੁਰੂ-ਆਸ਼ੇ ਵਾਲੀ ਗੱਲ ਸਭ ਦੇ ਮਨ ਨੂੰ ਲਗੀ। ਝਟ ਪਰਵਾਨ ਕਰ ਕੇ ਸ੍ਰੀ ਦਰਬਾਰ ਸਾਹਿਬ ਹਾਜ਼ਰ ਹੋ ਕੇ ਅਰਦਾਸ ਕੀਤੀ ਅਤੇ ਵਾਕ ਲਿਆ, ਜੋ ਇਸ ਪ੍ਰਕਾਰ ਸੀ :—

ਪੰਜੇ ਬਧੇ ਮਹਾ ਬਲੀ ਕਰਿ ਸਚਾ ਢੋਆ ॥
ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ ॥
ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾਂ ਨਿਰੋਆ ॥
ਦਿਨੁ ਰੈਣਿ ਨਾਮੁ ਧਿਆਇਦਾ
ਫਿਰਿ ਪਾਇ ਨ ਮੋਆ।
ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ ॥
੨॥[ਬਸੰਤ ਕੀ ਵਾਰ ਮਹਲੁ ੫, ਪੰਨਾ ੧੧੯੩*

ਇਸ ਮਹਾਨ ਵਾਕ ਨੇ ਖਾਲਸੇ ਦੇ ਸਭ ਤੌਖਲੇ ਤੇ ਸੰਸੇ ਮੇਟ ਦਿਤੇ। ਜੈਕਾਰਿਆਂ ਨਾਲ ਆਸਮਾਨ ਗੂੰਜ ਉਠਿਆ। ਵੈਰੀ ਦੇ ਮੁਕਾਬਲੇ ਉਤੇ ਘਟ ਗਿਣਤੀ ਦਾ ਖ਼ਿਆਲ ਜਾਂਦਾ ਰਿਹਾ। ਖਾਲਸੇ ਨੇ ਤੁਰੰਤ ਕਸੂਰ ਉਤੇ ਚੜ੍ਹਾਈ ਕਰ ਦਿਤੀ। ਕੂਚ ਦਾ ਨਗਾਰਾ ਨਹੀਂ ਵਜਾਇਆ ਅਤੇ ਨਾ ਹੀ ਨਿਸ਼ਾਨ ਹੀ ਖੋਲ੍ਹੇ। ਪਹਿਲਾ ਪੜਾ ਪਿਪਲੀ ਸਾਹਿਬ ਕੀਤਾ। ਤੁਰਨ ਲੱਗਿਆਂ ਸ: ਹਰੀ ਸਿੰਘ ਭੰਗੀ ਨਾਲ ਸਿਰਫ਼ ੫ ਹਜ਼ਾਰ ਜੰਗੀ ਸਿੰਘ ਸਨ। ਪਿਪਲੀ ਸਾਹਿਬ ਦੇ ਪੜਾ ਤੇ ਬਾਕੀ ਚਾਰ ਮਿਸਲਾਂ ਵੀ ਆਣ ਮਿਲੀਆਂ ਤੇ ੧੦ ਹਜ਼ਾਰ ਦੇ ਕਰੀਬ ਘੋੜ-ਸਵਾਰ ਹੋਰ

---

* ਬੂਟੇ ਸ਼ਾਹ—ਤਾਰੀਖੇ-ਏ-ਪੰਜਾਬ, ਸਫਾ ੪੩੪-੩੫; ਅਹਿਮਦ ਸ਼ਾਹ ਬਟਾਲੀਆ ਜ਼ਿਕਰੇ ਗੁਰੂਆਂ ਵ ਅਬਤਦਾਏ ਸਿੰਘਾਂ ਵ ਮਜ਼ਬ-ਏ-ਏਸ਼ਾਂ—ਸਫ਼ਾ੪੯੧-੯੨; ਸ: ਰਤਨ ਸਿੰਘ ਭੰਗੂ—ਪ੍ਰਾਚੀਨ ਪੰਥ ਪ੍ਰਕਾਸ਼ ੪੭੩-੮੧; ਡਾ: ਹਰੀ ਰਾਮ ਗੁਪਤਾ—ਹਿਸਟ੍ਰੀ ਆਫ ਦੀ ਸਿਖਸ਼ ਭਾਗ ਦੂਜਾ ੧੯੬-੯੭; ਡਾ: ਗੰਡਾ ਸਿੰਘ : "ਸ: ਜੱਸਾ ਸਿੰਘ ਆਹਲੂ-ਵਾਲੀਆਂ ਸਫ਼ਾ ੧੩੩—੩੪; ਪ੍ਰਿੰ: ਸਤਬੀਰ ਸਿੰਘ—ਸਾਡਾ ਇਤਿਹਾਸ ੧੭੫—੭੬।


www.AKJ.Org

ਸ਼ਾਮਲ ਹੋ ਗਏ। ਏਥੇ ਹੀ ਘਰਾਂ ਨੂੰ ਗਏ ਸਿੰਘ ਸਦ ਘਲੇ। ਸਾਰੇ ਮਾਝੇ ਦੇ ਸਿੰਘਾਂ ਵਿਚ ਇਹ ਖਬਰ ਜੰਗਲ ਦੀ ਅੱਗ ਵਾਂਗ ਫੈਲ ਗਈ ਕਿ ਖਾਲਸਾ ਜੀ ਕਸੂਰ ਨੂੰ ਸੋਧਣ ਚੜ੍ਹ ਪਿਆ ਹੈ। ਪਿਪਲੀ ਸਾਹਿਬ ਤੋਂ ਅਗਲਾ ਪੜਾ 'ਵੜਾਲੀ ਗੁਰੂ ਕੀ' ਹੋਇਆ। ਰਾਤ ਰਾਤ ਪੰਜ ਕੁ ਹਜ਼ਾਰ ਸਿੰਘ ਏਥੇ ਆਣ ਸ਼ਾਮਲ ਹੋਇਆ। ਰਾਜੇ ਦਾ ਤਾਲ ਅਗਲੀ ਮੰਜ਼ਲ ਸੀ ਅਤੇ ਇਸ ਥਾਂ ਪੁਰ ਨਾਲ ਮਿਲਣ ਵਾਲੇ ਸਿੰਘਾਂ ਦੀ ਗਿਣਤੀ ੪ ਹਜ਼ਾਰ ਸੀ। ਰਾਜੇ ਦੇ ਤਾਲ ਤੋਂ ਕੂਚ ਦੇ ਸਮੇਂ ਸਿੰਘਾਂ ਦੀ ਕੁਲ ਗਿਣਤੀ ੨੪੦੦੦ ਸੀ। [ਸ: ਰਤਨ ਸਿੰਘ ਜੀ ਭੰਗੂ ਦੇ ਪ੍ਰਾਚੀਨ ਪੰਥ ਪ੍ਰਕਾਸ਼ ਅਨੁਸਾਰ]

ਰਸਤੇ ਵਿਚ ਕਿਸੇ ਨੂੰ ਛੇੜਿਆ ਨਹੀਂ। ਸਾਰੇ ਰਸਤੇ ਨਾ ਨਗਾਰੇ ਵਜਾਏ ਅਤੇ ਨਾ ਨਿਸ਼ਾਨ ਹੀ ਖੋਲ੍ਹੇ। ਚੁਪ ਚੁਪੀਤੇ ਇਹ ਲਸ਼ਕਰ ਕਸੂਰੋਂ ਹਲਕੀ ਜਿਹੀ ਅੱਧੀ ਕੁ ਮਨਜ਼ਲ ਉਤੇ, ਪਹਾੜ ਦੀ ਬਾਹੀ ਕਾਲੀਏ ਸਨਕਤਰੇ ਦੇ ਲਾਗੇ ਰੋਹੀ ਦੀ ਓਟ ਵਿਚ ਜਾ ਉਤਰਿਆ। ਦੁਕਾਨਦਾਰਾਂ ਦੇ ਭੇਸ ਵਿਚ ਘਲੇ ਸਿੰਘਾਂ ਦਿਆਂ ਸੂਹਿਆਂ ਨੇ ਸਾਰੀ ਸੂਹ ਜਥੇਦਾਰਾਂ ਨੂੰ ਏਥੇ ਹੀ ਆਣ ਕੇ ਦਿਤੀ। ਉਨ੍ਹਾਂ ਦਸਿਆ ਕਿ ਕਸੂਰੀਆਂ ਨੂੰ ਸਿੰਘਾਂ ਦੀ ਕਸੂਰ ਉਤੇ ਚੜ੍ਹਾਈ ਅਤੇ ਉਨ੍ਹਾਂ ਦੇ ਮਨੋਰਥ ਬਾਰੇ ਉੱਕਾ ਹੀ ਕੋਈ ਪਤਾ ਨਹੀਂ। ਅਫਗਾਨ ਬਿਲਕੁਲ ਵਿਸਾਰ ਭੋਲੇ ਹਨ। ਦੁਪਹਿਰ ਵੇਲੇ ਸ਼ਹਿਰ ਦੇ ਦਰਵਾਜ਼ੇ ਬਿਲਕੁਲ ਖੁਲੇ ਰਹਿੰਦੇ ਹਨ।

## ਸਿੰਘ ਕਸੂਰ ਵਿਚ--

ਇਹ ੧੧੯੯ ਹਿਜਰੀ ਦੇ ਰਮਜ਼ਾਨ ਦਾ ਮਹੀਨਾ ਸੀ ਅਤੇ ਰੋਜ਼ਿਆਂ ਦੇ ਅੰਤਲੇ ਦਿਨ (੧੨-੧੩ ਅਪ੍ਰੈਲ) ਸਨ। ਗਰਮੀ ਵੀ ਕਹਿਰਾਂ ਦੀ ਪੈ ਰਹੀ ਸੀ ਅਤੇ ਜ਼ਮੀਨ ਭਠ ਵਾਂਗ ਤਪ ਰਹੀ ਸੀ। ਕਸੂਰੀਏ ਪਠਾਣ ਗਰਮੀ ਅਤੇ ਲੂ ਦੇ ਸਾੜ ਤੋਂ ਬਚਣ ਲਈ ਆਪਣੀਆਂ ਆਪਣੀਆਂ ਗੜ੍ਹੀਆਂ ਦਿਆਂ ਭੋਰਿਆਂ ਵਿਚ ਠੰਡੇ ਥਾਈਂ ਵੜੇ ਹੋਏ ਸਨ। ਸਿੰਘਾਂ ਦੇ ਇਹਨਾਂ ਉਤੇ ਇਸ ਤਰ੍ਹਾਂ ਅਚਨਚੇਤ ਆ ਪੈਣ ਦਾ ਇਨ੍ਹਾਂ ਦੇ ਸੁਫਨੇ ਵਿਚ ਵੀ ਨਹੀਂ ਸੀ। ਸਿੰਘ ਤਿਖੜ ਦੁਪਹਿਰੇ ਸ਼ਹਿਰ ਵਿਚ ਖੁਲ੍ਹੀ ਦਰਵਾਜ਼ੀਂ ਆਣ ਵੜੇ।

ਖਾਲਸਾ ਜੀ ਨੇ ਅੰਦਰ ਵੜਦਿਆਂ ਹੀ ਦਰਵਾਜ਼ੇ ਬੰਦ ਕਰ ਲਏ ਅਤੇ ਉਨ੍ਹਾਂ ਉਤੇ ਆਪਣੇ ਕਰੜੇ ਪਹਿਰੇ ਲਾ ਦਿਤੇ। ਨਾ ਕੋਈ ਅੰਦਰ ਆਉਣ ਦਿਤਾ ਅਤੇ ਨਾ ਕਿਸੇ ਨੂੰ ਬਾਹਰ ਨਿਕਲਣ ਦਿਤਾ। ਆਵਾਜਾਈ ਬਿਲਕੁਲ ਬੰਦ ਕਰ ਦਿਤੀ। ਓਦੋਂ ਪਿਛੋਂ ਨਜ਼ਾਰਾ ਫਿਰ ਓਹੋ ਹੀ ਬਣਿਆ ਜੋ ਇਕ ਚੀਤਾ ਬਕਰੀਆਂ ਦੇ ਉਸ ਇੱਜੜ ਵਿਚ, ਜੋ ਵਾੜੇ ਵਿਚ ਬੰਦ ਹੋਵੇ, ਵੜ ਕੇ ਪੈਦਾ ਕਰਦਾ ਹੈ।

ਪਠਾਣ ਉਠਦੇ ਹੀ ਸਿੰਘਾਂ ਦਬੋਚ ਲਏ। ਕਿਸੇ ਕਿਸੇ ਗੜ੍ਹੀ ਵਿਚ ਜੇ ਕਿਸੇ ਸਿਰ ਚੁਕਿਆ ਤਾਂ ਸਿੰਘਾਂ ਨੇ ਪਰਲੂ ਥਲੇ ਢੀਮਾਂ ਵਾਂਗ ਫਿਹ ਸੁਟਿਆ। ਪਠਾਣਾਂ ਦਾ ਸਰਵ ਉਚਮ ਮੁਖੀ ਗੁਲਾਮ ਮੁਹਈ-ਉੱਦੀਨ ਖ਼ਾਨ ਮੁਕਾਬਲੇ ਲਈ ਉਠਿਆ, ਪਰ ਅੱਖ ਦੇ ਫੋਰੇ ਵਿਚ ਅੰਗ ਅੰਗ ਹੋ ਕੇ ਡਿਗ ਪਿਆ। ਨਾਲ ਦਿਆਂ ਦੀ ਵੀ ਤਿਕਾ ਬੋਟੀ ਉੱਡ ਗਈ। ਉਸ ਦਾ ਭਤੀਜਾ ਹਮੀਦ ਖਾਨ, ਜੋ ਇਕ ਬੜਾ ਬਾਂਕਾ ਜੁਆਨ ਸੀ ਤੇ ਚੰਗਾ ਸੂਰਮਾ ਸੀ, ਸ: ਝੰਡਾ ਸਿੰਘ ਦੇ ਪੈਰੀਂ ਆਣ ਡਿਗਾ ਅਤੇ ਜਾਨ ਬਖਸ਼ੀ ਵਜੋਂ ੪ ਲਖ ਰੁਪੈ ਦਿਤੇ। ਸਭ ਤੋਂ ਵਧ ਕਹਿਰ ਉਸਮਾਨ ਖਾਨ ਦੀ ਗੜ੍ਹੀ ਉਤੇ ਟੁਟਾ। ਉਸਮਾਨ ਖਾਨ ਸਮੇਤ ਆਪਣੇ ੫੦੦ ਸੂਰਬੀਰਾਂ ਦੇ ਕਤਲ ਕੀਤਾ ਗਿਆ। ਉਸ ਦੇ ਮਹਲ ਦੀ ਇਟ ਨਾਲ ਇਟ ਵਜਾਈ ਗਈ। ਉਸ ਦੇ ਘਰੋਂ ਬ੍ਰਾਹਮਣ ਦੀ ਤੀਵੀ ਲਿਆ ਕੇ ਬ੍ਰਾਹਮਣ ਦੇ ਹਵਾਲੇ ਕੀਤੀ।

ਹੁਣ ਸ਼ਹਿਰ ਵਿਚ ਲੁਟ ਪੈ ਗਈ।। ਸ਼ਹਿਰ ਦੋ ਦਿਨ ਬੁਰੀ ਤਰ੍ਹਾਂ ਲੁਟੀਂਦਾ ਰਿਹਾ।

ਏਸ ਲੁਟ ਦੀ ਖਬਰ ਜਦ ਆਲੇ ਦੁਆਲੇ ਦਿਆਂ ਪਿੰਡਾਂ ਨੂੰ ਲਗੀ ਤਾਂ ਜਟ ਅਤੇ ਕੰਮੀ ਚੂਹੜੇ ਚਮਿਆਰ ਵੀ ਚੁਫੇਰਿਉਂ ਟੁਟ ਕੇ ਪੈ ਗਏ। ਰਹੀ



www.AKJ.Org

ਖਹੀ ਕਸਰ ਇਹਨਾਂ ਕਢ ਦਿਤੀ। ਹਿੰਦੁਸਤਾਨ ਦਾ ਆਪਣੇ ਸਮੇਂ ਦਾ ਸਭ ਤੋਂ ਧਨਾਢ ਸ਼ਹਿਰ ਇਸ ਕਹਿਰਾਂ ਦੀ ਲੁੱਟ ਨੇ ਬਿਲਕੁਲ ਬਰਬਾਦ ਕਰ ਦਿੱਤਾ। ਪਰ ਦੂਜੇ ਪਾਸੇ ਕਈ ਗਰੀਬਾਂ ਅਤੇ ਨਿਰਧਨਾਂ ਨੇ ਕਈ ਪੁਸ਼ਤਾਂ ਲਈ ਰੋਟੀਆਂ ਦੇ ਪ੍ਰਬੰਧ ਕਰ ਲਏ।†

ਕਿਹਾ ਜਾਂਦਾ ਹੈ ਕਿ ਸ: ਜੱਸਾ ਸਿੰਘ ਰਾਮ-ਗੜ੍ਹੀਆ ਦੇ, ਇਸ ਲੁਟ ਵਿਚੋਂ ਕਾਫੀ ਸੋਨਾ, ਜ਼ੇਵਰ, ਹੀਰੇ ਅਤੇ ਜਵਾਹਰ ਹੱਥ ਲਗੇ ਅਤੇ ਉਹ ਇਹ ਸਾਰਾ ਭਾਰ ਇਕ ਤਕੜੇ ਮੰਜੇ ਉਂਹ ਲੱਦ ਕੇ ੪ ਮਜ਼ਬੂਤ ਆਦਮੀਆਂ ਤੋਂ ਉਠਵਾ ਕੇ ਲਿਆਇਆ ਸੀ। ਲਿਆ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਨਜ਼ਦੀਕ ਸੰਘਣੇ ਜੰਗਲ ਵਿਚ ਇਕ ਲੁਕਵੀਂ ਥਾਂ ਵਿਚ ਦਬ ਦਿਤਾ। ਜੰਗਾਂ ਯੁਧਾਂ ਵਿਚ ਉਹ ਏਨਾ ਰੁਝ ਗਿਆ ਕਿ ਕੁਝ ਦੇਰ ਲਈ ਉਹ ਇਸ ਪਾਸੇ ਕੋਈ ਧਿਆਨ ਛਾ ਰਖ ਸਕਿਆ। ਕੁਝ ਸਮੇਂ ਬਾਅਦ ਜਦ ਉਹ ਇਸ ਮਾਲ ਨੂੰ ਲਭਣ ਲੱਗਾ ਤਾਂ ਥਾਂ ਦਾ ਚੇਤਾ ਭੁਲ ਗਿਆ। ਮੁੜ ਇਹ ਮਾਲ ਉਸ ਦੇ ਹਥ ਨਹੀਂ ਆਇਆ।‡

## ਕਨ੍ਹਈਆ ਤੇ ਰਾਮਗੜ੍ਹੀਆ ਮਿਸਲ ਵਿਚ ਪਾੜੇ ਦਾ ਕਾਰਨ—

ਕਸੂਰ ਦੀ ਲੁਟ ਦੇ ਵਿਚ ਰਾਮਗੜ੍ਹੀਆ ਮਿਸਲ ਦੇ ਇਕ ਸੂਰਬੀਰ ਸ: ਮਾਲੀ ਸਿੰਘ ਦੇ, ਜੋ ਕਿ ਸ: ਜੱਸਾ ਸਿੰਘ ਜੀ ਰਾਮਗੜ੍ਹੀਆ ਦਾ ਛੋਟਾ ਭਰਾ ਸੀ, ਦੀਵਾਨ ਦਿਲਾ ਰਾਮ ਦੇ ਪੁਤਰ ਹਿਰਦੇ ਰਾਮ ਦੇ ਘਰੋਂ ਇਕ ਤਕੜਾ ਸੰਦੂਕ ਪੰੜੀਆਂ ਬਲਿਉਂ ਹੱਥ ਲੱਗਾ ਸੀ। ਇਹ ਸੋਨੇ, ਰਤਨ ਅਤੇ ਜਵਾਹਰਾਂ ਨਾਲ ਭਰਿਆ ਹੋਇਆ ਸੀ। ਦਸੀਦਾ ਹੈ ਕਿ ਦਿਲੀ ਦੀਆਂ ਮੁਗਲ ਬੇਗਮਾਂ ਦੇ ਕੁਝ ਗਹਿਣੇ ਵੀ ਸਨ, ਜੋ ਸਾਂਭ ਸੰਭਾਈ ਵਾਸਤੇ ਏਥੇ ਪਹੁੰਚੇ ਹੋਏ ਸਨ। ਮਿਸਲਾਂ ਵਿਚ ਇਹ ਚਿਰ ਤੋਂ ਆਪਸ ਵਿਚ ਰੀਤ ਵਿਹਾਰ ਚਲਿਆ ਆਉਂਦਾ ਸੀ ਕਿ ਲੜਨ ਵਾਲੀਆਂ ਮਿਸਲਾਂ ਲੁਟ ਦਾ ਮਾਲ ਆਪਸ ਵਿਚ ਬਰਾਬਰ ਬਰਾਬਰ ਵੰਡ ਲਿਆ ਕਰਦੀਆਂ ਸਨ। ਪਰ ਕਸੂਰ ਦੀ ਲੁਟ ਵਿਚ ਹੱਥ ਲੱਗੇ ਮਾਲ ਨੂੰ ਇਸ ਵਿਹਾਰ ਅਨੁਸਾਰ ਕਨ੍ਹਈਆ ਮਿਸਲ ਦੇ ਸਰਦਾਰ ਜੈ ਸਿੰਘ ਨਾਲ ਬਰਾਬਰ ਵੰਡਣ ਦੀ ਥਾਂ, ਮਾਲੀ ਸਿੰਘ ਨੇ ਇਹ ਸਾਰਾ ਮਾਲ ਆਪੇ ਹੀ ਰਖ ਲਿਆ। ਇਹ ਦੋਵੇਂ, ਮਿਸਲਾਂ ਇਸ ਹੱਲੇ ਵਿਚ ਇਕ ਜੁੱਟ ਬਣ ਕੇ ਲੜੀਆਂ ਸਨ। ਬਾਕੀ ਸਰਦਾਰਾਂ ਵੀ ਸਮਝਾਇਆ ਅਤੇ ਟੋਕਿਆ ਕਿ ਇਸ ਤਰ੍ਹਾਂ ਦੀਆਂ ਨਗੂਣੀਆਂ ਗੱਲਾਂ ਤੋਂ ਮਿਸਲਾਂ ਦਾ ਇਤਫ਼ਾਕ ਅਤੇ ਏਕਤਾ, ਜਿਸ ਦੀ ਖਾਲਸਾ ਜੀ ਨੂੰ ਹਰ ਸਮੇਂ ਹੀ ਲੋੜ ਰਹਿਣੀ ਹੈ, ਭੰਗ ਹੋ ਜਾਵੇਗੀ। ਪਰ ਮਾਲੀ ਸਿੰਘ ਨੇ ਕੋਈ ਅਸਰ ਨਾ ਕਬੂਲਿਆ ਅਤੇ ਇਸ ਮਾਲ ਨੂੰ ਵੰਡਣਾ ਨਾ ਮੰਨਿਆ। ਨਤੀਜਾ ਇਹ ਨਿਕਲਿਆ ਕਿ ਇਹ ਗੱਲ ਬਾਅਦ ਵਿਚ ਆਪਸ ਵਿਚ ਇਕ ਬੜੇ ਵਡੇ ਅਤੇ ਦੁਖਦਾਈ ਝਗੜੇ ਦਾ ਕਾਰਨ ਬਣੀ ਅਤੇ ਇਸ ਤਰ੍ਹਾਂ ਇਨ੍ਹਾਂ ਮਿਸਲਾਂ ਦੀ ਆਪਸੀ ਰੜਕ ਨੇ ਪੰਥ ਦਾ ਬਹੁਤ ਨੁਕਸਾਨ ਕੀਤਾ।*

[ਬਾਕੀ ਸਫ਼ਾ ੩੦ ਦੇ ਹੇਠ ਵੇਖੋ।

† ਸ: ਰਤਨ ਸਿੰਘ ਭੰਗੂ—ਪ੍ਰਾਚੀਨ ਪੰਥ ਪ੍ਰਕਾਸ਼, ੪੭੩-੮੧; ਗਿ: ਗਿਆਨ ਸਿੰਘ—ਪੰਥ ਪ੍ਰਕਾਸ਼ ੭੯੭-੮੦੭; ਬੂਟੇ ਸ਼ਾਹ : ਤਾਰੀਖ਼-ਏ ਪੰਜਾਬ, ੫੩੪-੩੫; ਅਹਿਮਦ ਸ਼ਾਹ ਬਟਾਲੀਆ—ਜ਼ਿਕਰੇ ਗੁਰੂਆਂ ਵ ਅਬਤਦਾਏ ਸਿੰਘਾਂ ਵ ਮਜ਼ਹਬੇ ਏਸ਼ਾਂ—੪੯੧-੯੨; ਡਾ: ਹਰੀ ਰਾਮ ਗੁਪਤਾ—ਹਿਸਟ੍ਰੀ ਆਫ ਦੀ ਸਿਖਸ, ਸਫ਼ਾ ੧੯੬-੯੭, ਡਾ: ਗੰਡਾ ਸਿੰਘ—ਅਹਿਮਦ ਸ਼ਾਹ ਦੁਰਾਨੀ, ਸਫ਼ਾ-੨੮੯, ਸ: ਜਸਾ ਸਿੰਘ ਆਹਲੂਵਾਲੀਆ, ਸਫ਼ਾ ੧੩੩-੩੪; ਡਾ: ਗੋਕਲ ਚੰਦ ਨਾਰੰਗ—ਟ੍ਰਾਂਸਫ਼ਾਰਮੇਸ਼ਨ ਆਫ਼ ਦੀ ਸਿਖਇਜ਼ਮ ਸਫ਼ਾ ੧੪੧।

‡ ਡਾ: ਹਰੀ ਰਾਮ ਗੁਪਤਾ—ਹਿਸਟ੍ਰੀ ਆਫ ਦੀ ਸਿਖਸ ਭਾਗ ਦੂਜਾ, ਪੰਨਾ ੧੯੭।

* ਸ: ਰਤਨ ਸਿੰਘ ਭੰਗੂ ਪ੍ਰਾਚੀਨ ਪੰਥ ਪ੍ਰਕਾਸ: ੪੭੮—੯੩; ਬੂਟੇ ਸ਼ਾਹ—ਤਾਰੀਖ-ਏ-ਪੰਜਾਬ ੫੩੪-੩੫; ਅਹਿਮਦ ਸ਼ਾਹ ਬਟਾਲੀਆ—੪੯੧—੯੨; ਡਾ: ਹਰੀ ਰਾਮ ਗੁਪਤਾ—ਹਿਸਟ੍ਰੀ ਆਫ ਦੀ ਸਿਖਸ—ਭਾਗ ਦੂਜਾ ਪੰਨਾ ੧੯੭; ਡਾ: ਗੰਡਾ ਸਿੰਘ—ਸ: ਜਸਾ ਸਿੰਘ ਆਹਲੂਵਾਲੀਆ ਸਫ਼ਾ ੧੩੪।

www.AKJ.Org

# ਸੋਮਨਾਥ ਦੇ ਦਰਵਾਜ਼ੇ

[ਵਲੋਂ—ਸ: ਲਖਿੰਦਰ ਸਿੰਘ ਜੀ ਐਮ. ਏ. (ਯੂ. ਕੇ.)]

ਜਦੋਂ ਹਿੰਦੁਸਤਾਨ ਇਤਨਾ ਕਮਜ਼ੋਰ ਹੋ ਗਿਆ ਕਿ ਇਕ ਮਾਮੂਲੀ ਬੰਦਾ ੭੦੦ ਜਵਾਨ ਲੈ ਕੇ ਆ ਗਿਆ ਤੇ ਇਸ ਦੇਸ਼ ਦੀ ਇੱਜ਼ਤ ਤੇ ਦੌਲਤ ਨੂੰ ਹੱਥ ਆਣ ਪਾਇਆ ਤੇ ਫੇਰ ਕੀ ਸੀ ਦਰਵਾਜ਼ੇ ਖੁਲ੍ਹ ਗਏ ਤੇ ਅਗਲੇ ਮੇਲਾ ਲਗਾ ਸਮਝ ਕੇ ਹਰ ਸਾਲ ਆਉਣੇ ਸ਼ੁਰੂ ਹੋ ਗਏ । ਭੇਡਾਂ ਬਕਰੀਆਂ ਵਾਂਗੂ ਹਿੰਦੂਆਂ ਦੀਆਂ ਧੀਆਂ ਭੈਣਾਂ ਅਗੇ ਲਾ ਲੈਣੀਆਂ, ਦੌਲਤ ਲੁਟ ਪੁਟ ਕੇ ਤੇ ਮੰਦਰਾਂ ਨੂੰ ਢਾ ਕੇ ਗਊਆਂ ਦੇ ਖੂਨ ਨਾਲ ਧੋ ਧਾ ਕੇ ਚਾਲੇ ਪਾ ਦੇਣੇ, ਜਿਵੇਂ ਕੋਈ ਜ਼ਿਮੀਂਦਾਰ ਆਪਣੀ ਨਿਜੀ ਪੈਲੀ ਵਿਚੋਂ ਫੇਰਾ ਟੋਰਾ ਮਾਰਦਾ ਹੋਇਆ ਸਾਗ ਪੱਤਰ ਤੋੜੀ ਲਿਆਉਂਦਾ ਹੈ । ਮਹਿਮੂਦ ਗਜ਼ਨਵੀ ਨੇ ੧੭ ਹਮਲੇ ਕੀਤੇ ਤੇ ਮੁਲਕ ਬਰਬਾਦ ਕਰਨ ਦੇ ਨਾਲ ਨਾਲ ਸਭ ਤੋਂ ਵਡਾ ਮੰਦਰ ਸੋਮਨਾਥ ਦਾ ਢਾ-ਢੇਰੀ ਕਰ ਕੇ ਲਖਾਂ ਦੇ ਹੀਰੇ ਜਵਾਹਰਾਤ ਲੁਟ ਕੇ ਚਲਦਾ ਬਣਿਆ । ਜਿਸ ਵਿਚ ਸੋਮਨਾਥ ਮੰਦਿਰ ਦੇ ਦਰਵਾਜ਼ੇ ਵੀ ਸ਼ਾਮਲ ਸਨ । ਇਹ ਸੋਮਨਾਥ ਗੁਜਰਾਤ ਪ੍ਰਾਂਤ ਵਿਚ ਹੈ । ਸ੍ਰੀ ਮੁਰਾਰ ਜੀ ਡਿਸਾਈ ਭੀ ਓਸੇ ਹੀ ਪ੍ਰਾਂਤ ਦੇ ਹਨ। ਸੋ ਡੀਸਾਈ ਜੀ ਨੇ ਸਰਦਾਰ ਗੁਰਚਰਨ ਸਿੰਘ ਟੌਹੜਾ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਹ ਚਿਠੀ ਲਿਖੀ ਕਿ ਇਹ ਸੋਮਨਾਥ ਦੇ ਦਰਵਾਜ਼ੇ ਵਾਪਸ ਕੀਤੇ ਜਾਣ । ਇਹ ਚਿਠੀ ਲਿਖ ਕੇ ਉਹਨਾਂ ਨੇਂ ਆਪਣੇ ਬਜ਼ੁਰਗਾਂ ਦੀ ਕਮਜ਼ੋਰੀ ਤੇ ਬੁਜ਼ਦਿਲੀ ਜ਼ਾਹਰ ਕੀਤੀ ਹੈ ਤੇ ਦੂਜੇ ਖਾਲਸਾ ਧਰਮ ਨੂੰ ਵੰਗਾਰਿਆ ਹੈ । ਉਹ ਇਹ ਆਸ ਰਖਦੇ ਹਨ ਕਿ ਇਹ ਦਰਵਾਜ਼ੇ ਜੋ ਸ੍ਰੀ ਦਰਬਾਰ ਸਾਹਿਬ ਦੀ ਦਰਸ਼ਨੀ ਡਿਉੜੀ ਵਿਚ ਸ਼ਸ਼ੋਭਤ ਹਨ, ਚਿਠੀ ਚੱਪਠੀ ਨਾਲ ਸ਼੍ਰੋਮਣੀ ਕਮੇਟੀ ਉਹਨਾਂ ਦੇ ਹਵਾਲੇ ਕਰ ਦੇਵੇਗੀ। ਇਹ ਦਰਵਾਜ਼ੇ ਤਾਂ ਸੋਮਨਾਥ ਦੇ ਹਨ ਹੀ ਨਹੀਂ।

ਜਦੋਂ ਉਹ ਜਰਵਾਣੇ ਇਹ ਦਰਵਾਜ਼ੇ ਲੈ ਗਏ ਸਨ ਓਦੋਂ ਕਿਸੇ ਭਾਰਤੀ ਤਕੜੇ ਤੋਂ ਤਕੜੇ ਨੂੰ ਇਹ ਆਸ ਨਹੀਂ ਹੋਣੀ ਕਿ ਕਦੀ ਇਹ ਮੁੜ ਵਾਪਸ ਆਉਣਗੇ । ਇਹ ਵਾਪਸ ਤਾਂ ਆਏ ਕਿ ਇਕ

---

[ਸਫਾ ੨੯ ਦੀ ਬਾਕੀ]

## ਅੰਮ੍ਰਿਤਸਰ ਨੂੰ ਵਾਪਸੀ–

ਕਸੂਰੀਆਂ ਨੂੰ ਇਸ ਤਰ੍ਹਾਂ ਯੋਗ ਡੰਨ ਦੇ ਕੇ ਖਾਲਸਾ ਦਲ ਫ਼ਤਹ ਦੇ ਡੰਕੇ ਵਜਾਉਂਦਾ ਹੋਇਆ ਸ੍ਰੀ ਅੰਮ੍ਰਿਤਸਰ ਸਾਹਿਬ ਆਣ ਪੁਜਾ । ਵਸਾਖੀ ਦੇ ਖੁਲ੍ਹੇ ਇਸ਼ਨਾਨ ਕੀਤੇ । ਸ: ਹਰੀ ਸਿੰਘ ਜੀ ਭੰਗੀ ਨੇ ਸ਼ੁਕਰਾਨੇ ਵਜੋਂ ਹਜ਼ਾਰਾਂ ਰੁਪਏ ਦੀ ਦੇਗ ਕਰਵਾਈ । ਗੁਰੂ ਕੇ ਅਤੁਟ ਲੰਗਰ ਵਰਤੇ । ਬਾਕੀ ਸਾਰੀਆਂ ਮਿਸਲਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਗੇ ਸ਼ੁਕਰਾਨੇ ਭੇਟ ਕੀਤੇ । ਸ੍ਰੀ ਦਰਬਾਰ ਸਾਹਿਬ ਦੀ ਸੇਵਾ ਦਾ ਚਲ ਰਿਹਾ ਪ੍ਰਵਾਹ ਅਗੇ ਨਾਲੋਂ ਵੀ ਜ਼ੋਰਾਂ ਨਾਲ ਚਲਣ ਲਗਾ। ਖਾਲਸੇ ਦੀ ਜਿਤ ਦੀ ਚੁਫੇਰੇ ਦੋਹੀ ਫਿਰ ਗਈ ।

ਕਸੂਰ ਦੀ ਜੋ ਬਾਬ ਹੋ ਰਹੀ ਸੀ, ਦੂਜੇ ਦਿਨ ਸ਼ਾਮ ਨੂੰ ਲਾਹੌਰ ਖਬਰ ਅੱਪੜ ਗਈ। ਸਿੰਘਾਂ ਦਾ ਐਸਾ ਭੈ ਬੈਠਾ ਹੋਇਆ ਸੀ ਕਿ ਲਾਹੌਰੋਂ ਨਾ ਕੋਈ ਸਹਾਇਤਾ ਲਈ ਫੌਜ ਹੀ ਚੜ੍ਹੀ, ਅਤੇ ਨਾ ਕੋਈ ਖਬਰ ਲੈਣ ਹੀ ਆਇਆ, ਸਗੋਂ ਲਾਹੌਰ ਦਾ ਹਾਕਿਮ ਖੁਸ਼ ਸੀ ਕਿ ਕਸੂਰੀਆਂ ਦੀ ਚੰਗੀ ਆਕੜ ਭੱਜੀ ਹੈ ।



www.AKJ.Org

ਮਰਦ ਅਗੰਮੜਾ ਇਸ ਧਰਤੀ ਤੇ ਆਇਆ ਤੇ ਗਿੱਦੜੋਂ ਸ਼ੇਰ ਬਣਾ ਕੇ ਮਹਾਨ ਕਾਰਨਾਮਾ ਕਰ ਗਿਆ, ਪਰ ਅਫ਼ਸੋਸ ਕਿ ਇਹਨਾਂ ਡੀਸਾਈਆਂ ਦੇ 'ਗੁਰੂ' ਨੇ ਓਸ 'ਵਰਯਾਮ ਅਕੇਲੇ' ਨੂੰ Misguided (ਭੁਲੜ)ਦੇਸ਼ ਭਗਤ ਕਹਿ ਕੇ ਆਪਣੀ ਅਕ੍ਰਿਤਘਣਤਾ ਦਾ ਸਬੂਤ ਦੇ ਦਿਤਾ। ਉਹ ਦਿਨ ਸੀ ਜਦੋਂ ਸਾਨੂੰ ਸੰਭਲਣਾ ਚਾਹੀਦਾ ਸੀ।

ਜਿਸ ਕੌਮ ਦੇ ਬੰਦੇ ਇਹਨਾਂ ਦਰਵਾਜ਼ਿਆਂ ਨੂੰ ਲੁਟ ਕੇ ਲੈ ਗਏ ਸਨ ਤੇ ਜੋ ਹਿੰਦੂਆਂ ਨੂੰ ਮਾਰਨਾ ਸਵਾਬ ਸਮਝਦੇ ਸਨ ਉਹ ਤਾਂ ਇਸ ਗੱਲ ਨੂੰ ਮੰਨਦੇ ਹਨ ਕਿ ਜੇ ਉਹਨਾਂ ਨੇ ਮਾਰ ਖਾਧੀ ਹੈ ਤਾਂ ਇਕ ਖ਼ਾਲਸੇ ਪਾਸੋਂ। ਉਹਨਾਂ ਦੇ ਘਰਾਂ ਵਿਚ 'ਹਰੀਆ ਰਾਗਲੇ' ਦੇ ਮੁਹਾਵਰੇ ਬੱਚਿਆਂ ਨੂੰ ਡਰਾਉਣ ਵਾਸਤੇ ਪ੍ਰਚਲਤ ਹੋ ਗਏ। ਉਹਨਾਂ ਨੂੰ ਖਾਲਸੇ ਦੀ ਬਹਾਦਰੀ ਦੀ ਪਰਖ ਇਸ ਕਰਕੇ ਹੋ ਆਈ ਕਿ ਉਹ ਖ਼ੁਦ ਯੋਧੇ ਸਨ ਤੇ ਯੋਧੇ ਦੀ ਕਦਰ ਯੋਧਾ ਹੀ ਪਾ ਸਕਦਾ ਹੈ, ਗਿਦੜ ਨਹੀਂ ਪਾ ਸਕਦੇ।

ਜਦੋਂ ਖ਼ਾਲਸੇ ਨੇ ਇਹ ਦਰਵਾਜ਼ੇ ਵਾਪਸ ਆਂਦੇ ਸਨ ਓਦੋਂ ਖਤ ਨਹੀਂ ਸੀ ਪਾਇਆ ਮਹਿਮੂਦ ਗਜ਼ਨਵੀ ਦੇ ਪੋਤਰਿਆਂ ਪੜਪੋਤਰਿਆਂ ਨੂੰ ਕਿ "ਖ਼ਾਂ ਸਾਹਿਬ, ਕਿਰਪਾ ਕਰਕੇ ਸਾਨੂੰ ਇਹ ਦਰਵਾਜ਼ੇ ਪਾਰ-ਸਲ ਕਰਾ ਕੇ ਭੇਜ ਦਿਓ, ਅਸੀਂ ਨਵਾਂ ਮੰਦਰ ਬਨਾਇਆ ਹੈ। ਉਥੇ ਸਾਡੀਆਂ ਜਾਨਾਂ ਲਗੀਆਂ ਸਨ। ਕੋਈ ਖੰਡ ਖੀਰ ਨਹੀਂ ਸੀ ਕਿ ਓਹਨਾਂ ਦੇ ਮੁਲਕ ਜਾ ਕੇ ਨਾਲੇ ਖੁੰਭ ਠੱਪ ਕੇ ਵਾਪਸ ਉਹ ਚੀਜ਼ ਕੱਢ ਕੇ ਲਿਆਏ ਜੋ ਤੁਹਾਡੇ ਕੋਲੋਂ ਆਪਣੇ ਮੁਲਕ ਵਿਚ ਹੀ ਨਾ ਸਾਂਭ ਹੋਈ।

ਹੁਣ ਵੀ ਕਈ ਚੀਜ਼ਾਂ ਬਾਕੀ ਹਨ ਜੈਸਾ ਕਿ ਤਖਤੇ ਤਾਊਸ, ਹੀਰੇ ਜਵਾਹਰਾਤ, ਸੋਨਾ ਚਾਂਦੀ, ਤੁਹਾਡੀਆਂ ਜਨਾਨੀਆਂ ਦੀਆ ਸੰਤਾਨਾਂ, ਇਹ ਸਭ ਕੁਝ ਓਹਨਾਂ ਮੁਲਕਾਂ ਨੂੰ ਖਤ ਪਾ ਕੇ ਮੰਗਵਾ ਲਵੋ।

ਹਿੰਦੁਸਤਾਨ ਵਿਚ ਕਹਿਆ ਜਾਂਦਾ ਹੈ ਕਿ ਸਾਰੇ ਧਰਮਾਂ ਨੂੰ ਆਜ਼ਾਦੀ ਹੈ, ਪਰ ਜੇਕਰ ਓਥੋਂ ਦੇ ਪ੍ਰਧਾਨ ਮੰਤ੍ਰੀ ਦੇ ਇਹੋ ਜਿਹੇ ਤੰਗ ਖਿਆਲ ਹਨ ਤਾਂ ਇਹ ਗਲ ਸਪੱਸ਼ਟ ਹੈ ਕਿ ਉਹ ਸੈਕੂਲਰ ਸਟੇਟ ਨਹੀਂ ਬਲਕਿ ਹਿੰਦੂ ਸਟੇਟ ਹੈ।

ਹਰ ਇਕ ਕੌਮ ਦੇ ਬੰਦੇ ਨੂੰ ਇਹ ਪਤਾ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਹਰ ਇਕ ਸਿਖ ਦੀ ਜਿੰਦ ਜਾਨ ਹੈ। ਸਿਖਾਂ ਦਾ ਜਿਸ ਜ਼ਮਾਨੇ ਵਿਚ ਆਪਣਾ ਘਰ ਘਾਟ ਭਾਵੇਂ ਨ ਰਹਿਆ ਪਰ ਓਸ ਵੇਲੇ ਵੀ ਇਹਦੀ ਵਾ ਵੱਲ ਕੋਈ ਨ ਵੇਖ ਸਕਿਆ ਤੇ ਜੇ ਕਿਸੇ ਜੁਰਅਤ ਕੀਤੀ ਵੀ ਤਾਂ ਸਿੰਘਾਂ ਨੇ ਓਹਨੂੰ ਥਾਂ ਤੇ ਲਿਆ, ਜੈਸਾ ਕਿ ਮੱਸਾ ਰੰਗੜ। ਅਬਦਾਲੀਆਂ ਤੇ ਨਾਦਰਸ਼ਾਹਾਂ ਨੇ ਤੋਬਾ ਕੀਤੀ।

"ਇਹ ਆਪਣੀ ਸਰਕਾਰ" ਦਾ ਹਾਲ ਹੈ। ਆਪਣਿਆਂ ਨੂੰ ਪਰਾਏ ਬਣਾਂਦੇ ਹਨ। ਗਊ ਬ੍ਰਾਹਮਣ ਦੀ ਰਖਸ਼ਾ ਕਰਨ ਵਾਲਿਆਂ ਨੂੰ ਇਹ ਇਨਾਮ ਦੇਂਦੇ ਹਨ।

ਖਾਲਸਾ ਚੜ੍ਹਦੀਆਂ ਕਲਾਂ ਵਿਚ ਰਹੇ।

["ਖਾਲਸਾ ਸਮਾਚਾਰ" ੧੪ ਜੂਨ


## ਵੈਸਾਖੀ ਦਾ ਖ਼ੂਨੀ ਸਾਕਾ ਤੇ ਸ਼ਹੀਦੀ ਜੀਵਨ

ਵੈਸਾਖੀ ਦੇ ਖੂਨੀ ਸਾਕੇ ਦੇ ਸ਼ਹੀਦਾਂ, ਗੁਰਮੁਖ ਪਿਆਰਿਆਂ ਦੇ ਅਲੌਕਿਕ ਜੀਵਨ, ਖ਼ੂਨੀ ਸਾਕੇ ਦੀ ਪੂਰੀ ਵਾਕਫ਼ੀ, ਨਕਲੀ ਨਿਰੰਕਾਰੀਆਂ ਬਾਰੇ ਸੱਚੋ ਸੱਚ ਆਦਿ ਲੇਖ ਹਨ। ਸ਼ਹੀਦੀ ਕਾਂਡ ਨਾਲ ਸਬੰਧਤ ਦਸ ਕਵਿਤਾਵਾਂ ਵੀ ਹਨ। ਤੀਜੀ ਐਡੀਸ਼ਨ, ਸਫ਼ੇ ੧੪੦, ਚਿਤਰ ੨੭, ਭੇਟਾ ਕੇਵਲ ਡੇਢ ਰੁਪਿਆ।

**ਵਾਹੁ ਵਾਹੁ ਬਾਣੀ ਨਿਰੰਕਾਰ ਹੈ** – ਨਕਲੀ ਨਿਰੰਕਾਰੀਆਂ ਦਾ ਪਾਜ ਉਘਾੜਨ ਵਾਲੀ ਇਕ ਸੁਆਦਲੀ ਵਾਰਤਾ, ੦—੧੫

**ਸੱਚੋ ਸੱਚ**–ਨਕਲੀ ਨਿਰੰਕਾਰੀਆਂ ਬਾਰੇ ਉਨ੍ਹਾਂ ਦੀਆਂ ਲਿਖਤਾਂ ਤੋਂ ਹਵਾਲਿਆਂ ਦੇ ਅਧਾਰ ਤੇ, ੦—੨੦

ਉਪਰੋਕਤ ਦੋਵੇਂ ਟ੍ਰੈਕਟ ਪਰਚਾਰ ਖ਼ਾਤਰ ਵੰਡਣ ਲਈ ਦਸ ਰੁਪਏ ਸੈਂਕੜਾ




www.AKJ.Org

# ਬੁੱਕਲ ਦੇ ਸੱਪ

ਇਤਿਹਾਸ ਵਿਚ ਪਹਿਲਾਂ ਪਹਿਲ ਸੰਤ ਪਦ, ਸੰਤ ਅਤਰ ਸਿੰਘ ਜੀ ਨਾਲ ਜੁੜਿਆ ਮਿਲਦਾ ਹੈ। ਇਹਨਾਂ ਦੀ ਘਾਲ ਕਰਣੀ ਨੂੰ ਕੋਈ ਵਿਰਲਾ ਹੀ ਅਪੜ ਸਕਦਾ ਹੈ; ਪਰ ਇਹਨਾਂ ਤੋਂ ਬਾਅਦ ਤਾਂ ਇੱਟ ਚੁੱਕੀ ਸੰਤ ਨਿਕਲਿਆ ਫਿਰਦਾ ਹੈ। ਗੁਰੂ ਸਾਹਿਬਾਨ ਦੇ ਸਮੇਂ ਅਤੇ ਬਹੁਤ ਚਿਰ ਬਾਅਦ ਭੀ ਵਡਿਆਈ ਦਾ ਸ਼ਬਦ "ਭਾਈ" ਹੀ ਵਰਤਿਆ ਜਾਂਦਾ ਰਿਹਾ ਹੈ। ਜਿਵੇਂ ਭਾਈ ਗੁਰਦਾਸ ਜੀ, ਭਾਈ ਬੁੱਢਾ ਜੀ, ਭਾਈ ਨੰਦ ਲਾਲ ਜੀ, ਭਾਈ ਮਨੀ ਸਿੰਘ ਜੀ, ਭਾਈ ਮਤੀਦਾਸ ਜੀ, ਇਤਿ ਆਦਿ। ਉਪ੍ਰੰਤ ਭਾਈ ਕਾਹਨ ਸਿੰਘ ਜੀ, ਭਾਈ ਵੀਰ ਸਿੰਘ ਜੀ, ਭਾਈ ਜੋਧ ਸਿੰਘ ਜੀ, ਭਾਈ ਰਣਧੀਰ ਸਿੰਘ ਜੀ ਤੇ ਭਾਈ ਸਾਹਿਬ ਸਿੰਘ ਜੀ ਗੁਰੂ ਪੰਥ ਵਲੋਂ ਸਤਿਕਾਰੀਆ ਹਸਤੀਆਂ ਹਨ। ਪਰ ਅਜ਼ ਕਲ੍ਹ ਲੰਮਾ ਚੋਲਾ ਪਾ ਕੇ ਤੇ ਲੰਮਾ ਦਾੜ੍ਹਾ ਛਡ ਕੇ ਅਨੇਕਾਂ ਹੀ ਸੰਤ ਬਣੀ ਬੈਠੇ ਹਨ। ਚਲਾਕੀ ਤੇ ਪੈਸੇ ਦੇ ਜ਼ੋਰ ਨਾਲ ਏਜੰਟ ਰਖ ਕੇ ਆਪਣਾ ਪਰਚਾਰ ਕਰਵਾਉਣਾ ਸ਼ੁਰੂ ਕਰ ਦਿਤਾ। ਚੇਲੇ ਚਾਟੜੇ ਮਗਰ ਲਾ ਲਏ ਤੇ ਗੁਰੂ ਬਣ ਬੈਠੇ। ਫਿਰ ਨਾਮ ਦੇਣਾ ਸ਼ੁਰੂ ਕਰ ਦੇਂਦੇ ਹਨ। ਇਨ੍ਹਾਂ ਦੰਭੀ ਸਾਧਾਂ ਤੇ ਸੰਤਾਂ ਨੇ ਭਾਰਤ ਵਿਚ ਵੱਡੇ ਵੱਡੇ ਡੇਰੇ ਬਣਾ ਰਖੇ ਹਨ, ਜਿਹੜੇ ਬਹੁਤ ਸਾਰੇ ਬੁਰਿਆਈ ਦੇ ਅੱਡੇ ਬਣ ਚੁਕੇ ਹਨ। ਵਡੀਆਂ ਵਡੀਆਂ ਜ਼ਮੀਨਾਂ ਇਨ੍ਹਾਂ ਡੇਰਿਆਂ ਦੇ ਨਾਮ ਹਨ। ਇਹਨਾਂ ਭੱਦਰ ਪੁਰਸ਼ਾਂ ਨੇ ਪੰਥ, ਅਤੇ ਗੁਰੂ ਪਾਤਸ਼ਾਹ ਦੀ ਦ੍ਰਿੜ੍ਹਾਈ ਮਰਯਾਦਾ ਨੂੰ ਤੋੜ ਫੋੜ ਕੇ ਕਈ ਆਪਣੀਆਂ ਨਵੀਆਂ ਮਰਯਾਦਾਂ ਚਾਲੂ ਕਰ ਰਖੀਆਂ ਹਨ। ਇਹ ਲੋਕ ਭੋਲੇ ਭਾਲੇ ਜੀਵਾਂ ਨੂੰ ਸਬਜ਼ ਬਾਗ ਦਿਖਾਂਦੇ ਤੇ ਗੁੰਮਰਾਹ ਕਰਦੇ ਹਨ। ਇਉਂ ਸਾਧਾਰਨ ਜਨਤਾ ਨੂੰ ਭਰਮ ਭੁਲੇਖੇ ਪਾ ਕੇ ਆਪਣੀ ਦੁਕਾਨ ਖੂਬ ਚਲਾਈ ਜਾ ਰਹੇ ਹਨ।

ਇਹਨਾਂ ਦੰਭੀਆਂ ਨੇ ਗੁਰੂ ਡੰਮ ਦਾ ਖੁਲ੍ਹ-ਮਖੁਲ੍ਹਾ ਪ੍ਰਚਾਰ ਜ਼ੋਰ ਸ਼ੋਰ ਨਾਲ ਸ਼ੁਰੂ ਕੀਤਾ ਹੋਇਆ ਹੈ। ਗੁਰਮਤਿ ਅਸੂਲਾਂ ਨੂੰ ਤ੍ਰੋੜ ਮਰੋੜ ਕੇ ਆਪਣਾ ਨਵਾਂ ਮੱਤ ਚਲਾਉਣਾ, ਤੱਤ ਸਿੱਖੀ ਨੂੰ ਖਤਮ ਕਰਨ ਦੀ ਡੂੰਘੀ ਚਾਲ ਹੈ। ਇਹਨਾਂ ਤੋਂ ਬਚਣਾ ਅਤਿ ਜ਼ਰੂਰੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸਿਰ ਦੇਣ ਵਾਲਿਆਂ ਨੂੰ ਸਿਖੀ ਬਖਸ਼ੀ। ਗੁਰਸਿਖਾਂ ਦੇ ਰੋਮ ਰੋਮ ਵਿਚ "ਗੁਰਸਿਖੀ ਬਾਰੀਕ ਹੈ ਸਿਲ ਚਟਣ ਫਿਕੀ॥ ਤਿਖੀ ਖੰਡੇ ਧਾਰ ਹੈ, ਉਹ ਵਾਲਹੁ ਨਿਕੀ"† ਦੀ ਸਚਾਈ ਭਰੀ ਗਈ ਸੀ। ਪਰ ਇਹਨਾਂ ਦੰਭੀ ਸਾਧਾਂ ਨੇ ਕਿਸ ਤਰ੍ਹਾਂ ਸਸਤੇ ਭਾਅ ਇਸ ਨੂੰ ਵੰਡਣਾ ਅਰੰਭਿਆ ਹੋਇਆ ਹੈ, ਸੁਣ ਕੇ ਅਚੰਭਾ ਲਗਦਾ ਹੈ। ਜਦੋਂ ਸੰਗਤਾਂ ਨੂੰ ਅੰਮ੍ਰਿਤ ਛਕਣ ਲਈ ਸੱਦਾ-ਪਤਰ ਦਿੰਦੇ ਹਨ ਤਾਂ ਬੇਅੰਤ ਸੰਗਤਾਂ ਹੁਮ-ਹੁਮਾ ਕੇ ਪੁਜਦੀਆਂ ਹਨ। ਪਰ ਅਫਸੋਸ ਦੀ ਗੱਲ ਹੈ ਕਿ ਗੁਰੂ ਗੋਬਿੰਦ ਸਿੰਘ ਦੀ ਦਸੀ ਰਹਿਤ ਮਰਯਾਦਾ ਨਹੀਂ ਦ੍ਰਿੜ੍ਹਾਈ ਜਾਂਦੀ। ਘੋਨ ਮੋਨ, ਪਤਿਤ, ਕੁਕਰਮੀ ਤੇ ਸ਼ਰਾਬੀ ਕਬਾਬੀ ਦੀ ਪਤਨੀ ਨੂੰ ਅੰਮ੍ਰਿਤ ਛਕਾਉਂਦੇ ਹਨ। ਬਹਾਨਾ ਇਹ ਬਣਾਉਂਦੇ ਹਨ, ਚਲੋ ਕੋਈ ਗੱਲ ਨਹੀਂ, ਬਈ ਬੰਦਾ ਫਿਰ ਆਪੇ ਸਮਝ ਜਾਏਗਾ ਤੇ ਅੰਮ੍ਰਿਤ ਛਕ ਲਵੇਗਾ। ਇਸੇ ਤਰ੍ਹਾਂ ਜੇਕਰ ਪਤਨੀ ਦੁਨਿਆਵੀ ਫੈਸ਼ਨਾਂ ਵਿਚ ਗ੍ਰਸੀ ਅੰਮ੍ਰਿਤ ਪਾਨ ਕਰਨ ਲਈ ਤਿਆਰ ਨਹੀਂ ਤਾਂ ਪਤੀ ਨੂੰ ਅੰਮ੍ਰਿਤ ਛਕਾ ਕੇ "ਅਰਧ-ਸਰੀਰੀ ਨਾਰਿ ਨ ਛੋਡੈ" ਦੇ ਗੁਰਮਤਿ ਸਿਧਾਂਤ ਦੀ ਪਰਵਾਹ ਹੀ ਨਹੀਂ ਕੀਤੀ ਜਾਂਦੀ। ਇਹ ਸਰਾਸਰ ਢੌਂਗ ਹੈ। ਪੰਜ ਕਕਾਰ ਧਾਰਨ ਕਰਨ ਲਈ ਵੀ ਕਈ ਪਰਕਾਰ ਦੀਆਂ ਛੋਟਾਂ ਦਿਤੀਆਂ ਜਾਂਦੀਆਂ ਹਨ, ਤਾਂ ਜੁ

† ਭਾਈ ਗੁਰਦਾਸ ਜੀ, ਵਾਰ ੯, ਪਉੜੀ ੨



www.AKJ.Org

ਚੇਲਾ ਖਿਸਕ ਨਾ ਜਾਵੇ। ਇਹ ਗੁਰੂ ਪਾਤਸ਼ਾਹ ਦੀ ਚਲਾਈ ਮਰਯਾਦਾ ਕਦਾਚਿਤ ਨਹੀਂ ਹੋ ਸਕਦੀ।

ਹੁਣ ਗੁਰੂ ਕੇ ਲੰਗਰ ਦੀ ਗੱਲ ਲਵੋ। ਗੁਰੂ ਪਾਤਸ਼ਾਹ ਨੇ ਗੁਰੂ ਕੇ ਲੰਗਰ ਨੂੰ ਖਾਸ ਉੱਚਾ ਦਰਜਾ ਦਿਤਾ ਹੈ। ਮੁੱਢ ਤੋਂ ਹੀ ਸੰਗਤ ਤੇ ਪੰਗਤ ਦੀ ਮਹਾਨ ਵਡਿਆਈ ਹੈ। ਇਸੇ ਲੰਗਰ ਵਿਚ ਅਕਬਰ ਬਾਦਸ਼ਾਹ ਨੂੰ ਭੀ ਪੰਗਤ ਵਿਚ ਬੈਠ ਕੇ ਲੰਗਰ ਛਕਣਾ ਪਿਆ ਤਾਂ ਕਿਤੇ ਗੁਰੂ ਪਾਤਸ਼ਾਹ ਦੇ ਦਰਸ਼ਨ ਹੋਏ। ਪਰ ਇਹ ਸਾਧ, ਸੰਗਤ ਲਈ ਬਣਿਆ ਲੰਗਰ ਨਹੀਂ ਛੱਕ ਸਕਦੇ। ਇਹਨਾਂ ਲਈ ਸਪੈਸ਼ਲ ਥਾਲ ਸਪੈਸ਼ਲ ਭੋਜਨ ਨਾਲ ਸਜਾ ਕੇ, ਸੰਤਾਂ ਦੇ ਵਖਰੇ ਕਮਰੇ ਵਿਚ ਭੋਗ ਲਾਉਣ ਲਈ ਜਾਂਦਾ ਹੈ। ਫਿਰ ਬਚਿਆ ਜੂਠਾ ਭੋਜਨ ਬਾਕੀ ਲੰਗਰ ਵਿਚ ਰਲਾ ਕੇ ਸੰਗਤਾਂ ਵਿਚ ਵੰਡਿਆ ਜਾਂਦਾ ਹੈ। ਇਹ ਦੰਭੀ ਮਰਯਾਦਾ ਇੰਗਲੈਂਡ ਦੇ ਕਈ ਸ਼ਹਿਰਾਂ ਵਿਚ ਇਨ੍ਹਾਂ ਸੰਤਾਂ ਨੇ ਚਾਲੂ ਕਰ ਰਖੀ ਹੈ। ਕਿੰਨਾ ਅਪਮਾਨ ਹੈ ਗੁਰੂ ਕੇ ਲੰਗਰ ਦਾ।

ਖਾਲਸਾ ਜੀ! ਤੁਸੀਂ ਕਿੰਨਾ ਚਿਰ ਅੱਖਾਂ ਮੀਟ ਕੇ ਇਹੋ ਜਿਹੇ ਅਨਰਥ ਦੇਖਦੇ ਰਹੋਗੇ? ਨਕਲੀ ਨਿਰੰਕਾਰੀਆਂ ਨੇ ਤਾਂ ਹੱਦ ਹੀ ਕਰ ਦਿਤੀ ਹੈ। ਹਰ ਪ੍ਰਕਾਰ ਦੇ ਕੁਕਰਮਾਂ ਦੀ ਖੁਲ੍ਹ ਦੇ ਕੇ ਆਪਣੇ ਧਰਮ ਦਾ ਪ੍ਰਚਾਰ "ਅਵਤਾਰ ਬਾਣੀ" ਰਾਹੀਂ ਕਰਦੇ ਹਨ। ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਤੇ ਜੁਗੋ ਜੁਗ ਅਟੱਲ ਗੁਰੂ ਗ੍ਰੰਥ ਸਾਹਿਬ ਦਾ ਅਪਮਾਨ ਕਰ ਕੇ ਲੋਕਾਂ ਨੂੰ ਆਪਣੇ ਜਾਲ ਵਿਚ ਫਸਾਉਣ ਦੇ ਉਪਰਾਲੇ ਕਰਦੇ ਹਨ। ਗੁਰੂ ਕੀ ਨਿੰਦਾ ਨਾ ਸੁਣਦੇ ਹੋਏ ਨਿਹੱਥਿਆਂ ਸਿੰਘਾਂ ਨੂੰ ਅੰਮ੍ਰਿਤਸਰ, ਕਾਨਪੁਰ ਤੇ ਦਿਲੀ ਵਿਚ ਗੋਲੀਆ ਨਾਲ ਭੁੰਨਿਆ ਗਿਆ। ਬੇਗੁਨਾਹਾਂ ਨੂੰ ਸ਼ਹੀਦ ਕੀਤਾ ਗਿਆ। ਅਨੇਕਾਂ ਨੂੰ ਫਟੜ ਕੀਤਾ ਗਿਆ।

ਇਹਨਾਂ ਦੰਭੀ ਤੇ ਪਖੰਡੀ ਸਾਧਾਂ ਸੰਤਾਂ ਅਤੇ ਨਕਲੀ ਗੁਰੂਆਂ ਨੇ ਸਿਖੀ ਸਿਧਾਂਤ ਤੇ ਸਿਖ ਵਿਚਾਰ-ਧਾਰਾ ਨੂੰ ਗੰਧਲਾ ਕਰ ਛਡਣ ਵਿਚ ਕੋਈ ਕਸਰ ਨਹੀਂ ਛਡੀ। ਸਿਖ ਪੰਥ ਇਸ ਵੇਲੇ ਬੜੀ ਗੰਭੀਰ ਸਥਿਤੀ ਵਿਚੋਂ ਲੰਘ ਰਿਹਾ ਹੈ। ਕੌਮ ਦੇ ਆਗੂਆਂ ਦੇ ਸਿਰ ਤੇ ਬੜੀ ਜ਼ਿੰਮੇਵਾਰੀ ਬਣਦੀ ਹੈ ਕਿ ਇਸ ਮੌਕੇ ਨੂੰ ਸੰਭਾਲਣ ਅਤੇ ਸਿਖੀ ਦੇ ਦੋਖੀਆਂ ਨੂੰ ਕਰਾਰੇ ਹਥੀਂ ਲੈਣ, ਨਾਲ ਹੀ ਨਰੋਏ ਸਿਖੀ ਸਾਹਿਤ ਦੀ ਉਪਜ ਕਰ ਕੇ ਦੁਨੀਆ ਭਰ ਵਿਚ ਅਸਲੀਅਤ ਦੀਆਂ ਕਿਰਨਾਂ ਪ੍ਰਕਾਸ਼ਮਾਨ ਕਰ ਦੇਣ। ਪਰ ਅਫਸੋਸ ਦੀ ਗੱਲ ਹੈ ਕਿ ਸਿਖ ਕੌਮ ਦੇ ਮੁਹਾਣੇ ਆਪਣੀਆਂ ਚੌਧਰਾਂ ਖੁਦਗਰਜ਼ੀਆਂ ਅਤੇ ਝੂਠੀਆਂ ਸ਼ੁਹਰਤਾਂ ਖ਼ਾਤਰ ਬੁਰੀ ਤਰ੍ਹਾਂ ਫੁਟ ਦਾ ਸ਼ਿਕਾਰ ਹੋਏ ਪਏ ਹਨ। ਸਤਿਗੁਰੂ ਦੇ ਚਰਨਾਂ ਵਿਚ ਸਨਿਮਰ ਦੋ ਕਰ ਜੋੜ ਬੇਨਤੀ ਹੈ ਕਿ ਕੌਮ ਦੇ ਆਗੂਆਂ ਨੂੰ ਸੁਮੱਤ ਬਖ਼ਸ਼ਣ ਅਤੇ ਸੱਚਾ ਸੁੱਚਾ ਜੀਵਨ ਬਖਸ਼ ਕੇ ਸਹੀ ਅਰਥਾਂ ਵਿਚ ਪੰਥ ਦੇ ਸੇਵਾਦਾਰ ਬਣਾ ਕੇ ਉਹਨਾਂ ਪਾਸੋਂ ਸੇਵਾ ਲੈਣ।

ਦਾਸਰਾ—ਮਦਨ ਸਿੰਘ ਕਨਵੀਨਰ,
ਐਕਸ਼ਨ ਕਮੇਟੀ ਸਿਖ ਰਿਲੇਜਸ ਸਿੰਬਲਜ਼,
ਅਖੰਡ ਕੀਰਤਨੀ ਜੱਥਾ ਯੂ. ਕੇ.

---

# ਪਿੰਡ ਗੁੜੇ (ਜਗਰਾਉਂ) ਵਿਖੇ ਮਾਸਕ ਅਖੰਡ ਕੀਰਤਨ ਸਮਾਗਮ

ਡਾ: ਜਤਿੰਦਰ ਸਿੰਘ ਪੱਬੀਆਂ ਬੇਨਤੀ ਕਰਦੇ ਹਨ ਕਿ ੪ ਜੁਲਾਈ ੧੯੭੯ ਦਿਨ ਬੁਧਵਾਰ ਨੂੰ ਪਿੰਡ ਦੇ ਵਡੇ ਗੁਰਦਵਾਰੇ ਵਿਖੇ ਰਾਤੀਂ ਸਾਢੇ ੭ ਤੋਂ ਸਾਢੇ ੧੨ ਤਕ ਅਖੰਡ ਕੀਰਤਨ ਹੋਵੇਗਾ। ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਲੈਣ।

**ਗੁਰਸਿਖ ਰਹਿਣੀ** ਗੁਰਸਿਖਾਂ ਲਈ ਜ਼ਰੂਰੀ ਰਹਿਤ ਬਹਿਤ ਅਤੇ ਕੇਸਾਂ ਲਈ ਛੋਟੀ ਦਸਤਾਰ ਦੀ ਰਹਿਤ ਬਾਰੇ ਖੋਜ ਭਰੇ ਲੇਖ ਹਨ। ਭੇਟਾ ੪੦ ਪੈਸੇ



www.AKJ.Org

# ਨਾਰੰਗਵਾਲ ਦੇ ਕਲਾ-ਕ੍ਰਿਸ਼ਮੀ ਸਮਾਗਮਾਂ ਦੀਆਂ ਮਿਠੀਆਂ ਯਾਦਾਂ

ਪੋਹ ਸੁਦੀ ਸਪਤਮੀ ਸਮੇਂ ਨਾਰੰਗਵਾਲ ਵਿਖੇ ਦਸਮੇਸ਼ ਜੀ ਦੇ ਆਗਮਨ ਸਮੇਂ ਜੋ ਕਲਾ-ਕ੍ਰਿਸ਼ਮੀ ਸਮਾਗਮ ਹੁੰਦੇ ਸਨ ਉਨ੍ਹਾਂ ਦੀ ਯਾਦ ਆ ਕੇ, ਅੱਜ ਵੀ ਹਿਰਦੇ ਅੰਦਰ ਇਕ ਮਿੱਠਾ ਜਿਹਾ ਰਸ ਭਰ ਜਾਂਦੀ ਹੈ । ਉਨ੍ਹਾਂ ਸਮਾਗਮਾਂ ਅਤੇ ਕੀਰਤਨ-ਅਖਾੜਿਆਂ ਸਮੇਂ ਜੋ ਰਸ-ਰੰਗ ਬਝਦੇ ਸਨ ਉਨ੍ਹਾਂ ਦਾ ਬਿਆਨ ਕਰਨਾ ਇਵੇਂ ਹੀ ਹੈ ਜਿਵੇਂ ਫੁਰਮਾਨ ਹੈ—

ਕਹੁ ਕਬੀਰ ਗੂੰਗੈ ਗੁੜੁ ਖਾਇਆ
ਪੂਛੇ ਤੇ ਕਿਆ ਕਹੀਐ ॥ (ਪੰ: ੩੩੪)

ਪੋਹ ਸੁਦੀ ਸਪਤਮੀ ਤੋਂ ਕਈ ਦਿਨ ਪਹਿਲਾਂ ਭਾਈ ਸਾਹਿਬ ਰਣਧੀਰ ਸਿੰਘ ਜੀ ਸਮਾਗਮਾਂ ਤੇ ਪੁਜਣ ਲਈ ਆਪਣੇ ਹੱਥੀਂ ਪ੍ਰੇਮ-ਸਨੇਹੜੇ ਲਿਖ ਲਿਖ ਭੇਜਦੇ । ਨਮੂਨੇ ਵਲੋਂ ਮਿਸਤ੍ਰੀ ਆਤਮਾ ਸਿੰਘ ਜੀ ਪਿੰਡ ਕੰਧਾਲਾ ਜੱਟਾਂ ਜ਼ਿਲਾ ਹੁਸ਼ਿਆਰਪੁਰ ਵਲ ਲਿਖੀ ਇਕ ਪਤਰਕਾ ਹੇਠਾਂ ਦਿਤੀ ਜਾਂਦੀ ਹੈ—

੨੨.੧੨.੪੨ ੧ੴ ਨਾਰੰਗਵਾਲ

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫ਼ਤਿਹ

ਪਰਮ ਪਿਆਰੜੇ, ਪਿਆਰ ਪੁੰਜ, ਪ੍ਰੇਮ ਨਿਧਿ, ਰਸ ਰਸੀਅੜੇ, ਚਿਰੀ ਵਿਛੁੰਨੇ, ਲਾਲ ਜੀਉ,

ਓਹੀ ਗੁਰਪੁਰਬ ਸਪਤਮੀ ਮੁੜ ਕੇ ਫੇਰ ਆ ਗਿਆ, ਜਿਸ ਉਪਰ ਪਿਛਲੇ ਸਾਲ ਪਿਆਰੀ ਯਾਦ ਨੇ ਪਿਆਰਿਆਂ ਨੂੰ ਸੱਦਾ ਪੱਤਰ ਲਿਖਾਏ ਸਨ । ਆਉ ਜੀਉ, ਐਤਕੀ ਭੀ ਆਉ । ਆਪਣੇ ਦਰਸ ਦਿਖਾਓ । ਸਭ ਨਾਮ-ਰਸੀਅੜੇ ਜੁੜਨਗੇ । ਐਤਕੀ ਆਪ ਦੀ ਥਾਉਂ ਸੁਞੀ ਨਾ ਦਿਸੇ ! ਨਾ ਦਿਸੇ !

ਗੁਰਪੁਰਬ ਸਪਤਮੀ ਐਤਕੀ ੧੨ ਜਨਵਰੀ ਦਾ ਹੈ । ੧੦ ਤ੍ਰੀਕ ਨੂੰ ਅਖੰਡ ਪਾਠ ਆਰੰਭ ਹੋਣਾ ਹੈ । ਪਹਿਲੇ ਦਿਨ ਤੇ ਹੀ ਅਖੰਡ ਕੀਰਤਨ ਵਿਚਿ ਆਪ ਦਾ ਆ ਜੁੜਨਾ ਪਰਮ ਲਾਜ਼ਮੀ ਹੈ । ਚਾਹੇ ਦੂਰ ਦੁਰਾਡੇ ਬੈਠੇ ਹੋ, ਪ੍ਰੰਤੂ ਨਿਕਟ ਹਿਰਦਾੜਿਆਂ ਨੂੰ ਦੂਰੀਆਂ ਕੀ ਆਖ ਸਕਦੀਆਂ ਹਨ । .. * ਬਸ ਹੁਣ ਇਸ ਪੱਤਰ ਦੇ ਦੇਖਣਸਾਰ ਮੋੜੇ ਹੀ ਘਤ ਦੇਵੋ । ਸਮਾਂ ਐਸਾ ਹੀ ਲੋੜਦਾ ਹੈ । ਇਸ ਪਾਤੀ ਪੁਜਦੇ ਨੂੰ ਸਮੇਂ ਦੀ ਨਜ਼ਾਕਤ ਹੋਰ ਵੀ ਵਧ ਜਾਣੀ ਹੈ । ਧੰਧ ਬੰਧ ਦੇ ਪੁਆੜੇ ਛੱਡ ਕੇ ਸੰਗਤਾਂ ਨਾਲਿ ਆਓ ਰਲੋ ਮਿਲੋ । ਅਗੇ ਜਿਵੇਂ ਆਪ ਨੂੰ ਸੂਤ ਲਗੇ ਸੋ ਕਰਨਾ ਜੀ । ਹੋਰ ਸਰਬ ਪਰਵਾਰ ਅਨੰਦ ਕੁਸ਼ਲ ਹੈ । ਸਰਬ ਪਿਆਰਿਆਂ ਨੂੰ ਫਤਿਹ ।

ਪਰਵਾਰ ਦੀ ਸੁਖ ਪੁਛੂ

ਆਪ ਦਾ ਪਿਆਰਾਂ ਵਾਲਾ—(ਸਹੀ) ਰਣਧੀਰ ਸਿੰਘ

ਇਸ ਪਾਤੀ ਵਿਚੋਂ ਭਾਈ ਸਾਹਿਬ ਜੀ ਦੇ ਹਿਰਦੇ ਵਿਚ ਗੁਰਸਿਖਾਂ ਪ੍ਰਤੀ ਜੋ ਅਥਾਹ ਪਿਆਰ ਸੀ, ਉਹ ਗੂੜ੍ਹੇ ਰੰਗਾਂ ਵਿਚ ਸਾਡੇ ਸਾਹਮਣੇ ਪਰਗਟ ਹੋ ਹੋ ਪੈਂਦਾ ਹੈ ! ਨਾਮ-ਰਸੀਅੜੇ ਅਤੇ ਮਨ-ਮੇਲੀ ਹਿਰਦਿਆਂ ਵਿਚ ਰਲ ਮਿਲ ਕੇ ਗੁਰਪੁਰਬ ਮਨਾਉਣ ਦਾ ਉਤਸ਼ਾਹ ਇਹਨਾਂ ਸਤਰਾਂ ਵਿਚੋਂ ਫੁਟ ਫੁਟ ਪੈਂਦਾ ਹੈ ।

ਬਾਅਦ ਵਿਚ ਪ੍ਰੇਮੀ ਜਨਾਂ ਨੂੰ ਪੋਹ ਸੁਦੀ ਸਪਤਮੀ ਦੇ ਇਹ ਸੱਦਾ ਪਤਰ ਛਪਵਾ ਕੇ ਭੇਜੇ ਜਾਂਦੇ ਸਨ ਜਿਨ੍ਹਾਂ ਨਾਲ ਸਾਰਾ ਪ੍ਰੋਗਰਾਮ ਵੀ ਭੇਜਿਆ ਜਾਂਦਾ ਸੀ । ਪ੍ਰੋਗਰਾਮ ਦਾ ਨਮੂਨਾ ਹੇਠਾਂ ਦਿਤਾ ਜਾਂਦਾ ਹੈ—

੩੧ ਦਸੰਬਰ ੧੯੫੧ ਆਥਣ ਤਾਈਂ—ਸੰਗਤਾਂ, ਕੀਰਤਨੀ ਜਥਿਆਂ ਦਾ ਆਗਮਨ ਅਤੇ ਅਦੁੱਤੀ ਸੁਆਗਤ ।

੧ ਜਨਵਰੀ ੧੯੫੨—ਅੰਮ੍ਰਿਤ ਵੇਲੇ ਸ੍ਰੀ ਆਸਾ ਦੀ

* ਪੂਰੀ ਪਤਰਕਾ ਵੇਖੋ 'ਸੂਰਾ' ਭਾਈ ਸਾਹਿਬ ਜਨਮ ਸ਼ਤਾਬਦੀ ਅੰਕ ਜੁਲਾਈ ੧੯੭੮



www.AKJ.Org

ਵਾਰ ਦਾ, ਅਖੰਡ ਕੀਰਤਨ ਸਾਢੇ ਚਾਰ ਤੋਂ ਸਾਢੇ ੧੧ ਬਜੇ ਤਕ ।

੧ ਜਨਵਰੀ—ਸਾਢੇ ੧੧ ਬਜੇ ਸ੍ਰੀ ਅਖੰਡ ਪਾਠ ਦਾ ਅਰੰਭ ।

੨ ਜਨਵਰੀ—ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਜਲੂਸ ਠੀਕ ਤਿੰਨ ਬਜੇ ਤੀਏ ਪਹਿਰ ਅਰੰਭ ।

੩ ਜਨਵਰੀ—ਅੰਮ੍ਰਿਤ ਵੇਲੇ ਸਾਢੇ ੪ ਬਜੇ ਸ੍ਰੀ ਅਖੰਡਪਾਠ ਦਾ ਭੋਗ। ਫੇਰ ਸਾਢੇ ਚਾਰ ਬਜੇ ਤੋਂ ਸ੍ਰੀ ਆਸਾ ਜੀ ਦੀ ਵਾਰ ਦਾ ਅਖੰਡ ਕੀਰਤਨ ਚਲੇ ਸੋ ਚਲੇ।

੩ ਤੇ ੪ ਦੀ ਵਿਚਕਾਰਲੀ ਰਾਤ—ਰੈਣ ਸਬਾਈ ਦਾ ਅਖੰਡ ਨਿਰਬਾਣ ਕੀਰਤਨ ੭ ਬਜੇ ਰਹਿਰਾਸ ਦੇ ਪਾਠ ਪਿਛੋਂ ਅਰੰਭ ਹੋ ਕੇ ੮ ਬਜੇ ਦਿਨ ਚੜ੍ਹੇ ਤਕ।

੪ ਜਨਵਰੀ—ਰੈਣ ਸਬਾਹੀ ਦੇ ਨਾਲਿ ਲਗਦਾ ਹੀ ਦਿਵਸ ਸਬਾਇਆ ਦਾ ਸੁਹੇਲੜਾ ਕੀਰਤਨ ੮ ਬਜੇ ਸਵੇਰ ਤੋਂ ੬ ਬਜੇ ਆਥਣ ਤਾਈਂ । ਬਸ ਸਾਰੇ ਸਮਾਗਮ ਦੀ ਸਮਾਪਤੀ।

**ਨੋਟ—ਰੈਣ ਸਬਾਈ, ਦਿਵਸ ਸਬਾਇੜੇ ਦੇ ੨੪ ਘੰਟੇ ਲਗਾਤਾਰ ਕੀਰਤਨ ਵਿਚਿ ਨਿਰ-ਆਹਾਰ ਆਨੰਦ ਮਾਣਿਆ ਜਾਵੇਗਾ, ਲੰਗਰ ਨਹੀਂ ਵਰਤੇਗਾ, ਕੇਵਲ ਜਲ ਪ੍ਰਸ਼ਾਦਿ ਆਦਿ ਹੀ ਛਕਾਇਆ ਜਾਵੇਗਾ । ਬੱਚਿਆਂ ਦੀ ਛੋਟ ਹੈ।**

"ਅੰਮ੍ਰਿਤ-ਸਿੰਚਾਰ ਸਮਾਗਮ ਭੀ ਗਜ ਵਜ ਕੇ ਹੋਵੇਗਾ" ਇਸ ਦਾ ਜ਼ਿਕਰ ਨਾਲ ਭੇਜੇ ਸੱਦਾ-ਪੱਤਰ ਵਿਚ ਹੈ।

ਇਕ ਵੇਰ "ਪ੍ਰੋਗਰਾਮ ਕੀਰਤਨ ਦਿਨ ਸਭ ਰੈਣ (ਰੈਣ ਸੁਹਾਵੜੀ ਦਿਵਸ ਸੁਹੇਲਾ)" ਦਾ ਵੀ ਵੇਰਵੇ ਸਹਿਤ ਛਪਿਆ ਹੋਇਆ ਪੁਜਿਆ ਸੀ। ਉਸ ਵਿਚ ੬॥ ਵਜੇ ਸ਼ਾਮ ਤੋਂ ਲੈਕੇ ਸਾਰੀ ਰਾਤ ਅਤੇ ਫਿਰ ਸਾਰੇ ਦਿਨ ਦੇ ੨੪ ਘੰਟਿਆਂ ਦੇ ਪ੍ਰੋਗਰਾਮ ਦੀ, ਵੇਰਵੇ ਸਹਿਤ ਵੰਡ ਦਿਤੀ ਹੋਈ ਹੈ। ਨਿਰਬਾਣ ਕੀਰਤਨੀ ਜਥਾ, ਮੁਕਾਮੀ ਬੀਬੀਆਂ ਦਾ ਕੀਰਤਨ-ਕੋਇਲੀ-ਜਥਾ, ਦਿਲੀ ਨਿਵਾਸਣ ਕੀਰਤਨੀ ਬੀਬੀਆਂ ਦਾ ਜਥਾ, ਦਿਲੀ ਦੇ ਸਿੰਘਾਂ ਦਾ ਜਥਾ, ਸ਼ਿਮਲਾ ਕਾਲਕਾ ਦਾ ਜਥਾ, ਗੁਰੂਸਰ ਸੁਧਾਰ ਦਾ ਜੱਥਾ, ਮੁਕਾਮੀ ਟਕਸਾਲੀ ਜਥਾ ਬੀਬੀਆਂ, ਭਾਈ ਜੀਵਨ ਸਿੰਘ ਜੀ, ਬੀਬੀ ਤਾਲਾ ਬੇਲੀ ਜੀ, ਬੀਬੀ ਲਟਬੌਰੀ ਜੀ, ਕਰਨੈਲ ਪਿਆਰਾ ਸਿੰਘ ਜੀ ਦਾ ਬਿਸਮਾਦੀ ਕੀਰਤਨ, ਸ੍ਰੀ ਅੰਮ੍ਰਿਤਸਰ ਦੇ ਸਿੰਘਾਂ ਦਾ ਕੀਰਤਨੀ ਜਥਾ, ਸ: ਅਵਤਾਰ ਸਿੰਘ ਜੀ ਦੰਪਤੀ ਦਾ ਖੜਤਾਲੀ ਜੱਥਾ ਆਦਿ ਸਿੰਘਾਂ ਤੇ ਬੀਬੀਆਂ ਦੇ ਨਾਂ ਦਰਜ ਹਨ। ਥਾਂ ਦੀ ਥੁੜ ਕਰ ਕੇ ਸਾਰਾ ਪ੍ਰੋਗਰਾਮ ਵੇਰਵੇ ਸਹਿਤ ਨਹੀਂ ਦਿਤਾ ਜਾ ਸਕਿਆ।

ਜਥਿਆਂ ਨੂੰ, ਸਿੰਘਾਂ ਨੂੰ ਤੇ ਬੀਬੀਆਂ ਨੂੰ ਪਿਆਰ ਵਜੋਂ ਭਾਈ ਸਾਹਿਬ ਉਹਨਾਂ ਦੇ ਨਾਂਵਾਂ ਨਾਲ ਫਬਦੇ ਉਪਨਾਮ ਤੇ ਵਿਸ਼ੇਸ਼ਣ ਲਾ ਕੇ ਇਕ ਰਹੱਸ ਪੈਦਾ ਕਰ ਦਿੰਦੇ ਸਨ।

ਪੋਹ ਸੁਦੀ ਸਪਤਮੀ ਦੇ ਸਦਾ ਪੱਤਰ ਜਿਸ ਪਿਆਰ ਉਤਸਾਹ ਤੇ ਉਮਾਹ ਨਾਲ ਭੇਜੇ ਜਾਂਦੇ ਸਨ ਉਹ ਗੁਰਸਿਖ ਪਰਵਾਰਾਂ ਅੰਦਰ ਸਮਾਗਮ ਤੇ ਪੁਜਣ ਲਈ ਤੜਪ ਪੈਦਾ ਕਰ ਦਿੰਦੇ ਸਨ। ਸਿਕਾਂ ਸਿਕ-ਦਿਆਂ ਉਹ ਦਿਨ ਪੁਜਦੇ ਅਤੇ ਸਿੰਘ ਸਿੰਘਣੀਆਂ ਚਾਉ-ਚਈਲੇ ਚਾਵਾਂ ਨਾਲ ਨਾਰੰਗਵਾਲ ਵਲ ਧਾਈਆਂ ਕਰ ਦਿੰਦੇ। ਲੁਧਿਆਣੇ ਤੋਂ ਕਿਲ੍ਹਾ ਰਾਏਪੁਰ ਸਟੇਸ਼ਨ ਤੇ ਸੰਗਤਾਂ ਪੁਜਦੀਆਂ । ਬਿਰਧ ਬਾਬਾ ਨਰੈਣ ਸਿੰਘ ਜੀ ਰਾਤ ਦੇ ਹਨੇਰੇ ਵਿਚ ਲੈਂਪ ਲੈ ਕੇ ਪੁਜੇ ਹੋਏ ਹੁੰਦੇ । ਸੰਗਤਾਂ ਸਮੇਤ ਸਟੇਸ਼ਨ ਲਾਗੇ ਆਪਣੇ ਘਰ ਪੁਜਦੇ ਅਤੇ ਹਰ ਤਰ੍ਹਾਂ ਦੀ ਸਾਰੀ ਸੇਵਾ ਬਿਰਧ-ਦੰਪਤੀ ਆਪਣੇ ਹਥੀਂ ਕਰਦੇ, ਮਾਤਾ ਜੀ ਭਾਂਡੇ ਮਾਂਜਦੇ, ਬਾਬਾ ਜੀ ਪਾਣੀ ਗੇੜ ਕੇ ਸੰਗਤਾਂ ਨੂੰ ਇਸ਼ਨਾਨ ਕਰਾਂਦੇ ਅਤੇ ਫਿਰ ਸੰਗਤਾਂ ਨੂੰ ਨਾਰੰਗਵਾਲ ਵਲ ਲੈ ਤੁਰਦੇ।

ਗੁਰਮੁਖ ਸਖੀ ਸਹੇਲੀਆਂ ਆਪਣੇ ਕੰਤ ਨੂੰ ਰੀਝਾਉਣ ਖ਼ਾਤਰ ਜੋਦੜੀਆਂ ਕਰਦੀਆਂ ਨਾਰੰਗ-ਵਾਲ ਦੇ ਜੂਹ ਵਿਚ ਪੁਜਦੀਆਂ। ਸਾਹਮਣੇ ਪਾਸੇ


www.AKJ.Org

ਵੀ ਸਖੀਆਂ ਦੇ ਮਿਲਾਪ ਦੀ ਤਾਂਘ ਕੋਈ ਘਟ ਨਹੀਂ ਹੁੰਦੀ ਸੀ। ਕੀਰਤਨ ਸਰੋਤ ਦੀ ਭਿਣਕ ਕੰਨੀਂ ਪੈਂਦਿਆਂ ਹੀ ਭਾਈ ਸਾਹਿਬ ਹੋਰ ਗੁਰਸਿਖਾਂ, ਦਰਸ-ਮੁਤਲਾਸ਼ੀ ਭੌਰਿਆਂ ਸਮੇਤ ਵਾਜਾ ਢੋਲਕੀ ਲੈ ਕੇ ਗੁਰਸਿਖਾਂ ਦੇ ਸੁਅਗਤ ਲਈ ਅਗਲਵਾਂਢੀ ਆ ਮਿਲਦੇ। ਆਹਮੋ ਸਾਹਮਣੇ ਹੁੰਦਿਆਂ ਹੀ ਦੁਪਾਸੜ ਅਜਿਹਾ ਵੈਰਾਗ-ਮਈ ਕੀਰਤਨ-ਨਾਦ ਗੂੰਜਦਾ ਤੇ ਸਜਲ ਨੇਤਰ ਹੋ ਹੋ ਮਿਲਣੀਆਂ ਹੁੰਦੀਆਂ ਕਿ ਜਿਨ੍ਹਾਂ ਦਾ ਵਰਨਣ ਹੋਣਾ ਔਖਾ ਹੈ। ਇਕ ਅਜਬ ਨਜ਼ਾਰਾ ਬਝਦਾ ਸੀ। ਗੁਰਸਿਖਾਂ ਦੇ ਪ੍ਰਸਪਰ ਮੇਲ ਦੀ ਇਕ ਖ਼ਾਸ ਵਰਨਣ ਯੋਗ ਅਲੌਕਿਕ ਝਾਕੀ ਹੁੰਦੀ ਸੀ। ਘੁਟਵੀਆਂ ਗਲਵਕੜੀਆਂ ਪਾ ਕੇ ਵਜਦ ਵਿਚ ਦੁਪਾਸੜ ਹੀ ਨਾਮ-ਅਭਿਆਸ ਖੰਡੇ ਖੜਕਾਏ ਜਾਂਦੇ ਅਤੇ ਇਸ ਤਰ੍ਹਾਂ ਆਪ-ਮੁਹਾਰੀਆਂ ਨਾਮ-ਅਭਿਆਸੀ ਅਨਿਕ ਤਰੰਗਾਂ ਦੇ ਖੇੜੇ ਖਿੜਦੇ।

ਸੰਗਤਾਂ ਨੂੰ ਲਾਗੇ ਲਾਗੇ ਘਰਾਂ ਵਿਚ ਨਿਵਾਸ ਦਿਤੇ ਜਾਂਦੇ। ਅੱਧੀ ਰਾਤੀ ਹੀ ਗੁਰਸਿਖ ਇਸ਼ਨਾਨੇ ਸੋਧ ਕੇ ਆਪੋ ਆਪਣੇ ਡੇਰਿਆਂ ਤੇ ਜੁੜ ਬੈਠਦੇ, ਅੰਮ੍ਰਿਤ ਵੇਲੇ ਦੀ ਸੰਭਾਲ ਕਰਦੇ ਅਤੇ ਨਿਤਨੇਮ ਦੀਆਂ ਬਾਣੀਆਂ ਦੇ ਪਾਠ ਕਰਦੇ ਭਾਈ ਸਾਹਿਬ ਦੇ ਨਿਵਾਸ-ਅਸਥਾਨ, ਕਿਲ੍ਹੇ-ਨੁਮਾ ਹਵੇਲੀ, ਵਿਚ ਪੁਜ ਜਾਂਦੇ। ਉਪਰਲੇ ਲੰਮ-ਸਲੰਮੇ ਚੁਬਾਰਿਆਂ ਵਿਚ ਅੰਮ੍ਰਿਤ-ਵੇਲੇ ਤੋਂ ਅੰਮ੍ਰਿਤ ਕੀਰਤਨ ਦੀ ਬਰਖਾ ਸ਼ੁਰੂ ਹੋ ਜਾਂਦੀ ਅਤੇ ਯਾਰ੍ਹਾਂ ਵਜੇ ਤਕ ਖ਼ੂਬ ਰੰਗ-ਤਰੰਗਾਂ ਵਿਚ ਆਗਮਨ-ਖੁਸ਼ੀਆਂ ਦੇ ਖੇੜਿਆਂ ਵਿਚ ਕੀਰਤਨ-ਧੁਨੀਆਂ ਗੂੰਜਦੀਆਂ ਰਹਿੰਦੀਆਂ। ਉਪਰੰਤ ਸ੍ਰੀ ਅਖੰਡਪਾਠ ਆਰੰਭ ਹੋ ਜਾਂਦੇ।

ਸ੍ਰੀ ਅਖੰਡਪਾਠ ਦੇ ਅਗੰਮੀ ਰੰਗ ਵੀ ਇਥੇ ਹੀ ਵੇਖਣ ਵਿਚ ਆਏ ਹਨ। ਇਕ ਪਾਸੇ ਤਾਂ ਸ੍ਰੋਤਾ ਜਨਾਂ ਨੇ ਭੂਰਿਆਂ ਦੀਆਂ ਬੁੱਕਲਾਂ ਵਿਚ ਆਸਣ ਜਮਾ ਕੇ ਥਾਉਂ ਥਾਈਂ ਸਮਾਧੀਆਂ ਲਾ ਲੈਣੀਆਂ ਅਤੇ ਦੂਜੇ ਪਾਸੇ ਗੁਰਮੁਖ ਪਿਆਰੇ ਰੰਗ-ਰਤੜੇ ਪਾਠੀ-ਜਨਾਂ ਨੇ ਅਜਿਹੇ ਅਸਚਰਜ ਰੰਗਾਂ ਵਿਚ ਪਾਠ ਕਰਨੇ ਕਿ ਬਾਣੀ ਦੇ ਅਮੋਘ ਬਾਣ ਸ੍ਰੋਤੇ ਜਨਾਂ ਦੇ ਹਿਰਦੇ ਵਿੰਨ੍ਹੀ ਜਾਂਦੇ। ਅਖੰਡਪਾਠ ਦੇ ਦੌਰਾਨ ਹੋਰ ਕੋਈ ਕੀਰਤਨ-ਸਮਾਗਮ ਨਾ ਹੁੰਦੇ, ਸਗੋਂ ਸਭ ਸੰਗਤਾਂ ਸ੍ਰੀ ਅਖੰਡਪਾਠ ਦੇ ਸ੍ਰਵਣ ਕਰਨ ਦੇ ਸਚੇ ਸੁਚੇ ਲਾਹੇ ਲੈਂਦੀਆਂ। ਅੰਮ੍ਰਿਤ ਬਾਣੀ ਦੀ ਐਸੀ ਕਲਾ ਵਰਤਦੀ ਕਿ ਅਕੇਵਾਂ ਥਕੇਵਾਂ ਵਿਆਪਦਾ ਹੀ ਨਹੀਂ ਸੀ। ਅੰਮ੍ਰਿਤ ਛਕਣ ਦੇ ਅਭਿਲਾਖੀਆਂ ਨੂੰ ਉਚੇਚੇ ਤੌਰ ਤੇ ਪ੍ਰੀਤੀ-ਪ੍ਰੇਰਨਾ ਕੀਤੀ ਜਾਂਦੀ ਕਿ ਉਹ ਆਦਿ ਤੋਂ ਅੰਤ ਤਕ ਸਾਰਾ ਅਖੰਡ-ਪਾਠ ਸਾਵਧਾਨਤਾ ਸਹਿਤ ਸ੍ਰਵਣ ਕਰਨ ਦਾ ਜਤਨ ਕਰਨ, ਤਾਂ ਜੁ ਅੰਮ੍ਰਿਤ-ਪ੍ਰਾਪਤੀ ਸਮੇਂ ਗੁਰੂ-ਪਾਤਸ਼ਾਹ ਦੀ ਬਖ਼ਸ਼ਸ਼ ਦੁਆਰਾ ਵਧ ਤੋਂ ਵਧ ਕਲਾ ਵਰਤ ਸਕੇ।

ਗੁਰਪੁਰਬ ਤੋਂ ਇਕ ਦਿਨ ਪਹਿਲੇਂ, ਨਗਰ ਤੋਂ ਬਾਹਰਲੇ ਅਕਾਲੀ ਬੁੰਗੇ ਗੁਰਦੁਆਰੇ ਤੋਂ ਦੁਪਹਿਰ ਪਿਛੋਂ ਨਗਰ-ਕੀਰਤਨ ਅਰੰਭ ਹੁੰਦਾ। ਇਸ ਤੋਂ ਪਹਿਲਾਂ ਨਗਰ-ਕੀਰਤਨ ਦੇ ਸਾਰੇ ਰਸ-ਤਿਆਂ, ਗਲੀਆਂ ਬਾਜ਼ਾਰਾਂ ਦੀ ਚੰਗੀ ਤਰ੍ਹਾਂ ਸਫ਼ਾਈ ਕੀਤੀ ਜਾਂਦੀ ਅਤੇ ਪਾਣੀ ਦੇ ਛਿੜਕਾਉ ਹੁੰਦੇ। ਇਸ ਨਗਰ-ਕੀਰਤਨ ਦਾ ਅਰੰਭ ਭਾਈ ਸਾਹਿਬ ਆਪ ਕਰਦੇ। ਦੋਹਾਂ ਸਿੰਘਾਂ ਨੇ ਦੁਪਾਸਿਓਂ ਵਾਜੇ ਨੂੰ ਸਹਾਰਾ ਦੇਣਾ ਅਤੇ ਭਾਈਸਾਹਿਬ ਜੀ ਨੇ ਐਸੇ ਜਲਾਲ ਵਿਚ ਉੱਚੀਆਂ ਸੁਰਾਂ ਵਿਚ ਕੀਰਤਨ-ਗੁੰਜਾਉਣਾ ਕਿ ਇਕ-ਦਮ ਹੀ ਸਾਰੇ ਅਖਾੜੇ ਵਿਚ ਘੁੰਮਰਾਂ ਪੈ ਜਾਣੀਆਂ। ਇਕ ਸਿਰੇ ਤੋਂ ਲੈ ਕੇ ਦੂਜੇ ਸਿਰੇ ਤਕ ਸਮੂਹ ਸੰਗਤਾਂ ਵਜਦ ਵਿਚ ਝੂਮ ਝੂਮ ਕੇ, ਇਕ-ਅਵਾਜ਼ ਵਿਚ ਕੀਰਤਨ-ਧੁਨੀਆਂ ਅਲਾਪਦੀਆਂ। ਨਗਰ ਕੀਰਤਨ ਦਾ ਇਹ ਨਜ਼ਾਰਾ ਵੀ ਇਕ ਅਲੌਕਿਕ ਨਜ਼ਾਰਾ ਹੀ ਹੁੰਦਾ ਸੀ।

ਇਸ ਨਗਰ-ਕੀਰਤਨ ਦੇ ਦਰਸ਼ਨਾਂ ਲਈ ਇਰਦ ਗਿਰਦ ਦੇ ਪਿੰਡਾਂ ਦੀਆਂ ਸੰਗਤਾਂ ਧਾਈਆਂ ਕਰ ਕੇ ਪੁਜਦੀਆਂ ਅਤੇ ਗਲੀਆਂ, ਬਜ਼ਾਰ ਤੇ ਕੋਠਿਆਂ ਦੀਆਂ ਛੱਤਾਂ ਬੱਚਿਆਂ ਬੀਬੀਆਂ ਆਦਿ ਨਾਲ ਭਰੀਆਂ ਹੁੰਦੀਆਂ। ਇਸ ਸਮੇਂ ਕੋਮਲ ਜੀ ਫੁਲ-ਕਲੀਆਂ ਨਾਲ ਭਰੀ ਹੋਈ ਟੋਕਰੀ ਲੈ ਕੇ



www.AKJ.Org

ਕੋਠਿਆਂ ਤੋਂ ਕੋਠਿਆਂ ਤੇ ਪੁਜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਤੇ ਫੁਲ-ਵਰਖਾ ਕਰਦੇ ਦਿਖਾਈ ਦਿੰਦੇ। ਇਉਂ ਇਹ ਨਗਰ-ਕੀਰਤਨ ਪੂਰੇ ਜੋਬਨਾਂ ਵਿਚ ਅਤੇ ਅਸਚਰਜ ਰੰਗਾਂ ਵਿਚ ਦਿਨ ਛਿਪਦੇ ਨੂੰ ਅਕਾਲੀ-ਬੁੰਗੇ ਵਿਚ ਜਾ ਸਮਾਪਤ ਹੁੰਦਾ।

ਕਿਲ੍ਹਾ ਰਾਇਪੁਰ ਤੋਂ ਚਲ ਕੇ ਨਾਰੰਗਵਾਲ ਤਕ ਪਹੁੰਚਣ, ਅਦੁੱਤੀ ਸੁਆਗਤ ਅਤੇ ਪਿਆਰ-ਮਿਲਣੀਆਂ, ਸ੍ਰੀ ਅਖੰਡ ਪਾਠ ਦੇ ਅਰੰਭ ਦਾ ਦਰਸ-ਪਿਆਸੀ ਰੰਗਾਂ ਵਿਚ ਰੰਗੀਜਿਆ ਕੀਰਤਨ ਅਤੇ ਫਿਰ ਸ੍ਰੀ ਅਖੰਡ ਪਾਠ ਸਮੇਂ ਅੰਮ੍ਰਿਤ-ਬਾਣੀ ਦੀ ਅੰਮ੍ਰਿਤ-ਬਰਖਾ ਅਤੇ ਹੁਣ ਜਾਹੋ ਜਲਾਲ ਵਾਲੇ ਨਗਰ-ਕੀਰਤਨ ਦੀਆਂ ਉੱਚੀਆਂ ਧੁਨੀਆਂ ਵਿਚ ਕੀਰਤਨ-ਗੂੰਜਾਂ, ਇਹਨਾਂ ਸਭਨਾਂ ਦਾ ਕਈਆਂ ਰੂਹਾਂ ਤੇ ਤਾਂ ਐਸਾ ਡੂੰਘਾ ਪ੍ਰਭਾਵ ਪੈਂਦਾ ਕਿ ਉਹ ਬਿਹਬਲ ਹੋਕੇ ਬੇਸੁਧ ਹੋ ਜਾਂਦੀਆਂ ਅਤੇ ਉਨ੍ਹਾਂ ਦਾ ਬੈਰਾਗ ਠਲ੍ਹਿਆਂ ਠਲ੍ਹੀਂਦਾ ਨਾ।

ਪੋਹ ਸੁਦੀ ਸਪਤਮੀ ਨੂੰ ਦਸਮੇਸ਼-ਆਗਮਨ ਵਾਲੇ ਦਿਨ ਅੰਮ੍ਰਿਤ ਵੇਲੇ ਚਾਰ ਵਜੇ ਸ੍ਰੀ ਅਖੰਡ ਪਾਠ ਦੇ ਭੋਗ ਪੈਣੇ ਅਰੰਭ ਜੋ ਜਾਂਦੇ। ਉਸ ਵੇਲੇ ਸਮੂਹ ਗੁਰੂ ਕੇ ਪਿਆਰੇ ਰਸ-ਬੀਧੇ ਭੌਰਿਆਂ ਵਾਂਗ ਆਪੋ ਆਪਣੀ ਥਾਈਂ ਜੁੜੇ ਬੈਠੇ ਹੁੰਦੇ ਅਤੇ ਉਨ੍ਹਾਂ ਸੋਇਨ ਚੌਬਾਰਿਆਂ ਤੇ ਬਰਾਂਡਿਆਂ ਵਿਚ ਕਿਤੇ ਤਿਲ ਸੁਟਣ ਨੂੰ ਥਾਂ ਨਾ ਹੁੰਦੀ।

ਸ੍ਰੀ ਅਖੰਡ ਪਾਠ ਦੇ ਭੋਗ ਪੈਂਦੇ ਸਾਰ ਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ-ਗੁਰਪੁਰਬ ਦੇ ਚਾਉ ਵਿਚ ਆਸਾ ਦੀ ਵਾਰ ਦਾ ਕੀਰਤਨ ਭਾਈ ਸਾਹਿਬ ਆਪ ਅਰੰਭ ਕਰਦੇ। ਉਸ ਵੇਲੇ ਭਾਈ ਸਾਹਿਬ ਜੀ ਦੇ ਅੰਦਰ ਦਸਮੇਸ਼-ਦਰਸ-ਮਿਲਾਪ ਦੀ ਜੋ ਤਾਂਘ ਹੁੰਦੀ, ਉਹ ਉਨ੍ਹਾਂ ਦੇ ਭਖਦ ਤੇ ਲਸ ਲਸ ਕਰਦੇ ਮੁਖੜੇ ਤੋਂ ਉਭਰ ਉਭਰ ਪੈਂਦੀ। ਕੀਰਤਨ ਅਰੰਭ ਹੁੰਦਿਆਂ ਸਾਰ ਹੀ ਸਾਰਾ ਅਖਾੜਾ ਭਖ ਉਠਦਾ ਅਤੇ ਦਰਸ-ਮੁਤਲਾਸ਼ੀ ਭਵਰਿਆਂ ਦੇ ਅੰਦਰੋਂ ਐਸੀਆ ਪ੍ਰੇਮ-ਕਾਂਗਾਂ ਉਠਦੀਆਂ ਕਿ ਸਮੂਹ ਸੰਗਤਾਂ ਦੇ ਹਿਰਦਿਆਂ ਵਿਚ ਬਿਜਲੀ ਦੇ ਕਰੰਟ ਵਾਂਗ ਲਹਿਰਾਂ ਚਲ ਪੈਂਦੀਆਂ, ਜੋ ਬੈਰਾਗ-ਹੰਝੂਆਂ ਵਿਚ ਭਿਜ ਕੇ ਸੁਆਦ ਸੁਆਦ ਕਰੀ ਜਾਂਦੀਆਂ। ਸੰਗਤਾਂ ਦੇ ਇਨ੍ਹਾਂ ਦਰਸ-ਬੈਰਾਗ-ਰੰਗਾਂ ਵਿਚ ਭਾਈ ਸਾਹਿਬ ਤਾਂ ਐਸੀ ਨੂਰਾਨੀ ਦਸ਼ਾ ਵਿਚ ਰੰਗੀਜੇ ਪੇਖੇ ਜਾਂਦੇ ਜਿਵੇਂ ਦਸਮੇਸ਼ ਪਿਤਾ ਜੀ ਦੇ ਸਾਂਗੋ ਪਾਂਗ ਦਰਸ਼ਨਾਂ ਵਿਚ ਮੁਗਧ ਹੋ ਰਹੇ ਹੁੰਦੇ ਹਨ ਅਤੇ ਬਾਣੀ ਦਾ ਹਰੇਕ ਬਾਣ ਕਲਗੀਧਰ ਜੀ ਦੇ ਬਿਰਹੋਂ ਬਿਓਗ ਵਿਚ ਵਿੰਨ੍ਹੀ ਜਾਂਦਾ ਹੁੰਦਾ ਹੋਵੇ। ਉਹ ਕੂਕਦੇ—

ਮੋਹਿ ਗਇਆ ਬੈਰਾਗੀ ਜੋਗੀ,
ਘਟਿ ਘਟਿ ਕਿੰਗੁਰੀ ਵਾਈ ॥

ਫਿਰ ਸ਼ਬਦ ਅਰੰਭ ਤੋਂ ਲੈਂਦੇ—

ਜਤੁ ਸਤੁ ਸੰਜਮੁ ਸਾਚੁ ਦ੍ਰਿੜਾਇਆ,
ਸਾਚ ਸਬਦਿ ਰਸਿ ਲੀਣਾ ॥੧॥
ਮੇਰਾ ਗੁਰੁ ਦਇਆਲੁ ਸਦਾ ਰੰਗਿ ਲੀਣਾ ॥
ਅਹਿਨਿਸਿ ਰਹੈ ਏਕ ਲਿਵ ਲਾਗੀ,
ਸਾਚੇ ਦੇਖਿ ਪਤੀਣਾ ॥੧॥ਰਹਾਉ॥
ਰਹੈ ਗਗਨਪੁਰਿ ਦ੍ਰਿਸਟਿ ਸਮੈਸਰਿ,
ਅਨਹਤ ਸਬਦਿ ਰੰਗੀਣਾ ॥੨॥

ਇਉਂ ਅਲਾਪਦੇ ਅਲਾਪਦੇ ਇਥੇ ਆ ਜਾਂਦੇ—

ਦੀਪਕ ਤੇ ਦੀਪਕ ਪਰਗਾਸਿਆ
ਤ੍ਰਿਭਵਣ ਜੋਤਿ ਦਿਖਾਈ ॥੭॥
ਸਚੇ ਤਖਤਿ ਸਚ ਮਹਲੀ ਬੈਠੇ,
ਨਿਰਭਉ ਤਾੜੀ ਲਾਈ ॥੮॥*

ਇਸ ਤਰ੍ਹਾਂ ਸ਼ਬਦ ਦੀ ਇਕ ਇਕ ਤੁਕ ਦੁਆਰਾ ਦਰਸ਼ਨ ਪਰਸਦੇ ਹੋਏ ਸੱਚੇ ਮਹਲ ਵਿਚ ਤੇ ਸੱਚੇ ਤਖਤ ਉਤੇ ਨਿਰਭਉ ਤਾੜੀ ਲਾਈ ਬਿਰਾਜੇ ਹੋਏ ਪਾਤਸ਼ਾਹ ਦੇ ਦਰਸ਼ਨਾਂ ਵਿਚ ਮਹਿਵ ਹੋ ਜਾਂਦੇ।

ਕੀਰਤਨ ਦੇ ਇਨ੍ਹਾਂ ਰੰਗਾਂ ਵਿਚ ਸਭ ਰੂਹਾਂ ਰੰਗੀਜੀਆਂ ਜਾਂਦੀਆਂ ਤੇ ਗੁਰਮੁਖਾਂ ਦੇ ਹਿਰਦੇ ਰੂਪ ਨਾਫੇ ਇਉਂ ਮੁਸ਼ਕ ਝਕੋਲੇ ਜਾਂਦੇ ਜਿਵੇਂ ਮੌਲਸਰੀ ਦੇ ਬੂਟੇ ਦੀ ਭਿੰਨੀ ਭਿੰਨੀ ਸੁਗੰਧੀ ਆਲੇ ਦੁਆਲੇ ਨੂੰ ਮਹਿਕਾਈ ਜਾਂਦੀ ਹੈ। (ਇਹ ਮੌਲਸਰੀ-ਸੁਗੰਧੀਆਂ ਦੇ ਖੇੜੇ ਨਿਰੇ ਕਹਿਣ ਕਥਨ ਮਾਤਰ ਹੀ ਨਹੀਂ, ਸਗੋਂ ਪਰਤੱਖ ਵਾਪਰੀਆਂ ਤੇ ਪਰਖੀਆ ਸਚਿਆਈਆਂ ਹਨ।) ਸੁਗੰਧੀਆਂ ਦਾ ਅਜਬ ਰੰਗ ਖਿੜਦਾ ਅਤੇ ਇਨ੍ਹਾਂ ਸੁਗੰਧੀਆਂ ਦੇ ਖੇੜਿਆਂ ਵਿਚ ਕੀਰਤਨ ਹੋਰ ਹੋਰ ਰੰਗਾਂ-ਤਰੰਗਾਂ ਤੇ ਚੜ੍ਹਦੀਆਂ ਕਲਾਂ ਵਿਚ ਚੜ੍ਹਦਾ

*ਰਾਮਕਲੀ ਮ: ੧, ਪੰਨਾ ੯੦੭

www.AKJ.Org

ਜਾਂਦਾ । ਸਭ ਸੰਗਤਾਂ ਆਪਣੇ ਹਾਲ ਤੇ ਆਪਣੇ ਰੰਗ ਵਿਚ ਮਗਨ, ਸ਼ਬਦ ਵਿਚ ਸੁਰਤ ਟਿਕਾ ਕੇ ਇਉਂ ਬੈਠੀਆਂ ਹੁੰਦੀਆਂ ਕਿ ਇਧਰ ਉਧਰ ਝਾਕਣ ਜਾਂ ਹਿਲਣ ਜੁਲਣ, ਪਾਸੇ ਬਦਲਣ ਦੀ ਕਿਸੇ ਨੂੰ ਪ੍ਰਖੋਂ ਹੀ ਨਹੀਂ ਸੀ ਹੁੰਦੀ । ਸਗੋਂ ਵਧ ਚੜ੍ਹ ਕੇ ਰਸ ਮਾਣਨ ਦੇ ਉਤਸ਼ਾਹੀ ਉਮਾਹੇ ਆ-ਮੁਹਾਰੇ ਉਠਦੇ ਤੇ ਰਸ-ਲੀਨ ਕਰੀ ਜਾਂਦੇ । ਨਾ ਭੁੱਖ, ਨਾ ਤ੍ਰੇਹ, ਨਾ ਅਕੇਵਾਂ ਨਾ ਥਕੇਵਾਂ, ਸਗੋਂ ਆਪੋ ਆਪਣੇ ਰੰਗਾਂ ਵਿਚ ਮਸਤੁਲ ਮਸਤ ਹੋਏ ਹੁੰਦੇ । ਸੁਰਤੀਆਂ ਬਿਰਤੀਆਂ ਚੜ੍ਹੀਆਂ ਹੋਈਆਂ ਕਿਸੇ ਅਨੂਠੇ ਰਸ ਦਾ ਸੁਆਦ ਮਾਣਦੀਆਂ । ਦੁਪਹਿਰ ਪਿਛੋਂ ਕਿਤੇ ਜਾ ਕੇ ਕੀਰਤਨ ਦਾ ਭੋਗ ਪੈਂਦਾ ।

ਸ਼ਾਮ ਨੂੰ ਸਤ ਵਜੇ ਰੈਣ ਸਬਾਈ ਕੀਰਤਨ ਅਰੰਭ ਹੋ ਜਾਣੇ, ਜੋ ਸਵੇਰ ਤਕ ਜਾਰੀ ਰਹਿਣੇ ਅਤੇ ਨਾਲ ਹੀ ਦਿਵਸ ਸੁਹੇਲਾ ਕੀਰਤਨ ਚਾਲੂ ਹੋ ਜਾਂਦਾ, ਜੋ ਆਉਂਦੀ ਸ਼ਾਮ ਦੇ ਸੋਦਰ ਤਕ ਲਗਾਤਾਰ ੨੪ ਘੰਟੇ ਜਾਰੀ ਰਹਿੰਦਾ । ਕਈ ਵੇਰ ਅਜਿਹਾ ਵੀ ਹੋਇਆ ਕਿ ਗੁਰਪੁਰਬ ਵਾਲੇ ਦਿਨ ਦਾ ਕੀਰਤਨ ਅਰੰਭ ਹੋਇਆ ਸ਼ਾਮ ਦੇ ਸੋਦਰ ਤਕ ਤੁਰਿਆ ਜਾਂਦਾ ਅਤੇ ਨਾਲ ਹੀ ਰੈਣ ਸਬਾਈ ਤੇ ਦਿਵਸ ਸੁਹੇਲੇ ਦੇ ਕੀਰਤਨ ਮਿਲ ਜਾਂਦੇ । ਇਸ ਤਰ੍ਹਾਂ ੩੬ ਘੰਟੇ ਤੋਂ ਵੀ ਵਧ ਸਮਾਂ ਇਕ-ਰਸ ਅਖੰਡ ਚੌਕੜੇ ਜੰਮੇ ਰਹਿੰਦੇ ।

ਰੈਣ ਸਬਾਈ ਕੀਰਤਨ ਖੁਲ੍ਹੇ ਦਾਲਾਨ ਤੇ ਵੇਹੜੇ ਵਿਚ ਹੁੰਦੇ । ਲੰਗਰ ਵਾਲੇ ਬਰਾਂਡੇ ਅਤੇ ਬਾਹਰਲੀਆਂ ਲੰਮੀਆਂ ਚੌੜੀਆਂ ਡਿਉਢੀਆਂ ਤਕ ਸੰਗਤਾਂ ਗੁਰਬਾਣੀ ਦੇ ਇਸ ਫੁਰਮਾਨ ਅਨੁਸਾਰ ਜੁੜ ਬੈਠਦੀਆਂ—

ਸਤਸੰਗਤਿ ਮਿਲਿ ਰਹੀਐ
ਮਾਧਉ ਜੈਸੇ ਮਧੁਪ ਮਖੀਰਾ ॥ (੪੯੬)

ਰੈਣ ਸਬਾਈ ਕੀਰਤਨ ਵਿਚ ਜੋ ਕਲਾ ਵਰਤਦੀ, ਉਹ ਅੰਮ੍ਰਿਤ ਵੇਲੇ ਦੇ ਕੀਰਤਨਾਂ ਤੋਂ ਵੀ ਵਧ ਅਦਭੁਤ ਹੁੰਦੀ । ਲਗਾਤਾਰ ਪਹਿਲੇ ਸਮਾਗਮਾਂ ਦੇ ਕੀਰਤਨ-ਰੰਗਾਂ ਅਤੇ ਗੁਰਬਾਣੀ ਦੀ ਪਾਰਸ-ਕਲਾ ਦਾ ਪ੍ਰਭਾਵ ਪ੍ਰੇਮੀ ਜੀਊੜਿਆਂ ਤੇ ਹੋਰ ਹੋਰ ਗੂੜ੍ਹਾ ਹੁੰਦਾ ਜਾਂਦਾ । ਕਈ ਰੂਹਾਂ ਤਾਂ ਇਤਨੀਆਂ ਬਿਹਬਲ ਹੋ ਜਾਂਦੀਆਂ ਕਿ ਨਾਮ ਦੇ ਖੰਡੇ, ਘੜੀ ਨੂੰ ਚਾਬੀ ਲਗ ਜਾਣ ਵਾਂਗ, ਇਕ ਰਸ ਖੜਕੀ ਜਾਂਦੇ ਅਤੇ ਉਨ੍ਹਾਂ ਦਾ ਅਟਕਾਂ ਜਾਂ ਠਹਿਰਾਂ ਨਾ ਹੁੰਦਾ । ਬਿਹਬਲ ਦਸ਼ਾ ਵਿਚ ਉਹ ਐਸੇ ਬੇਸੁਧ ਹੋ ਹੋ ਪੈਂਦੇ ਕਿ ਸਾਥੀ ਜੀਉੜਿਆਂ ਨੂੰ ਵੀ ਰੰਗ ਵਿਚ ਰੰਗੀ ਜਾਂਦੇ । ਕੀਰਤਨ ਆਪਣੇ ਚਲੂਲੇ ਰੰਗਾਂ ਵਿਚ ਜਾਰੀ ਰਹਿੰਦਾ । ਸਾਰੇ ਕੀਰਤਨੀਏ ਗੁਰਮੁਖ ਵੀਰ ਭੈਣਾਂ ਮੁਢ ਤੋਂ ਲੈ ਕੇ ਸਮਾਪਤੀ ਤਕ ਕੀਰਤਨ-ਰੰਗਾਂ ਵਿਚ ਕੀਰਤਨ-ਅਖਾੜੇ ਵਿਚ ਵਿਸਮਾਦਤ ਹੋਏ ਅਨੰਦ ਮਾਣਦੇ ਰਹਿੰਦੇ । ਕੀਰਤਨ ਦੀਆਂ ਵਾਰੀਆਂ ਲੈਣ ਦਾ ਕਿਸੇ ਨੂੰ ਫੁਰਨਾ ਹੀ ਨਹੀਂ ਸੀ ਹੁੰਦਾ । ਉਠਣ ਬਹਿਣ ਅਤੇ ਸੌਣ ਜਾਗਣ ਦੀ ਕਿਸੇ ਨੂੰ ਲੋੜ ਹੀ ਨਹੀਂ ਸੀ ਪੈਂਦੀ । ਸਾਰੇ ਜੀਊੜੇ ਐਸੇ ਰਸ-ਲੀਣ ਹੋ ਰਹੇ ਹੁੰਦੇ ਸਨ ਕਿ ਸਰੀਰ ਦੀ ਕਿਸੇ ਨੂੰ ਸੋਝੀ ਹੀ ਨਹੀਂ ਸੀ ਰਹਿੰਦੀ, ਰਸ ਤੋਂ ਟੁਟ ਕੇ ਹੀ ਅਕੇਵਾਂ ਥਕੇਵਾਂ ਤੇ ਨੀਂਦਰ ਗ਼ਲਬਾ ਪਾਂਦੀ ਹੈ । ਕੀਰਤਨ ਦੂਜਿਆਂ ਨੂੰ ਸੁਣਾਉਣ ਵਾਸਤੇ ਨਹੀਂ, ਸਗੋਂ ਵਲਵਲੇ ਅਧੀਨ ਗੁਰੂ ਨੂੰ ਰੀਝਾਉਣ ਲਈ ਹੁੰਦਾ ਸੀ । ਸਾਰੇ ਕੀਰਤਨ ਵਿਚ ਕੋਈ ਅਨਾਊਨਸਮੈਂਟ ਨਹੀਂ ਸੀ ਹੁੰਦੀ, ਸਗੋਂ ਜੇ ਕਿਤੇ ਕੀਰਤਨੀਆ ਬਦਲਣਾ ਹੁੰਦਾ ਤਾਂ ਭੀ ਇਸ਼ਾਰੇ ਮਾਤਰ ਨਾਲ ਹੀ ।

ਨਾਰੰਗਵਾਲ ਸਮਾਗਮ ਵਿਚ ਨਾਮ-ਰਸੀਏ ਵੀਰ ਭੈਣਾਂ ਹੀ ਬਹੁਤ ਕਰਕੇ ਪੁਜੇ ਹੁੰਦੇ ਸਨ ਅਤੇ ਨੁਮਾਇਸ਼ੀ ਤੇ ਚੰਚਲ ਪਹਿਰਾਵਿਆਂ ਤੇ ਉਖੜੀਆਂ ਬ੍ਰਿਤੀਆਂ ਵਾਲੇ ਸਰੀਰ ਵੇਖਣ ਵਿਚ ਨਹੀਂ ਆਉਂਦੇ ਸਨ । ਨਿਗੁਰਿਆਂ ਤੇ ਸਾਕਤਾਂ ਪੁਰਸ਼ਾਂ ਦਾ ਉਥੇ ਕੀ ਕੰਮ ? ਪਰ ਇਸ ਦੇ ਬਾਵਜੂਦ ਵੀ ਗੁਰਮੰਤਰ ਜਾਪ ਦੀ ਖੁਲ੍ਹ-ਖੇਡ ਨਹੀਂ ਸੀ ਹੁੰਦੀ, ਸਗੋਂ ਜੇ ਕੋਈ ਰੂਹ ਬਿਰਹੋਂ ਰਸ-ਬੀਧੀ ਜਾਂਦੀ ਅਤੇ ਉਸ ਦਾ ਨਾਮ-ਅਭਿਆਸੀ ਖੰਡਾ ਜ਼ੋਰੋ ਜ਼ੋਰ ਚਲ ਪੈਂਦਾ ਤਾਂ ਉਹ ਆਪਣੇ ਹਾਲ, ਸਾਰੀ ਸਾਰੀ ਰਾਤ ਉਸ ਬਿਹਬਲ ਅਵਸਥਾ ਵਿਚ ਰੰਗ ਮਾਣਦੀ ਰਹਿੰਦੀ ਅਤੇ ਕੀਰਤਨ ਆਪਣੀ ਥਾਂ ਜਾਰੀ ਰਹਿੰਦਾ । ਗੰਭੀਰ ਅਵਸਥਾ ਵਾਲੇ ਸੂਝਵਾਨ ਸਜਣ ਉਨ੍ਹਾਂ ਨੂੰ ਵੀ ਪਿਆਰ ਨਾਲ ਹਟਕਦੇ ਹੋੜਦੇ ਅਤੇ ਕਹਿੰਦੇ ਕਿ ਗੁਪਤ ਵਰਤੋ, ਹਿਰਦੇ ਵਿਚ ਸਿਮਰੋ ।

ਅਕੇਵਾਂ ਥਕੇਵਾਂ ਨਾ ਹੋਣ, ਨੀਂਦਰ ਦਾ ਗ਼ਲਬਾ

www.AKJ.Org

ਨਾ ਪੈਣ ਅਤੇ ਵਧ ਤੋਂ ਵਧੇਰੇ ਰੰਗ-ਰਸ ਲੀਣ ਹੁੰਦੇ ਜਾਣ ਦਾ ਇਕ ਕਾਰਨ ਇਹ ਵੀ ਸੀ ਕਿ ਰੈਣ ਸਬਾਈ ਤੇ ਦਿਵਸ ਸੁਹੇਲੇ ਦੇ ਲਗਾਤਾਰੀ ੨੪ ਘੰਟੇ ਦੇ ਕੀਰਤਨ ਵਿਚ, ਜਲ ਪਾਣੀ ਤੋਂ ਬਿਨਾ ਕੋਈ ਲੰਗਰ ਨਹੀਂ ਸੀ ਛਕਾਇਆ ਜਾਂਦਾ। ਨਿਰਾ-ਅਹਾਰ ਰਹਿ ਕੇ ਨਾਮ ਬਾਣੀ ਦੀ ਜੋ ਕਲਾ ਵਰਤਦੀ ਹੈ ਉਹ ਰਜ ਕੇ ਛਕ-ਛਕਾ ਕੇ ਕਦੇ ਵਰਤ ਨਹੀਂ ਸਕਦੀ।

ਲਗਾਤਾਰ ੨੪ ਘੰਟੇ ਕੀਰਤਨ ਸ੍ਰਵਣ ਕਰਨ ਪਿਛੋਂ ਜਦੋਂ ਵੀ ਭੋਗ ਪੈਂਦਾ ਸੀ ਤਾਂ ਕੀਰਤਨ ਦੀ ਭੁਖ ਹੋਰ ਹੋਰ ਚਮਕਦੀ ਸੀ ਅਤੇ ਸਿੰਘ ਭੋਗ ਪੈਣ ਉਪਰੰਤ ਆਪੋ ਆਪਣੇ ਡੇਰਿਆਂ ਵਿਚ ਜਾ ਕੇ ਕੀਰਤਨ ਤੇ ਨਾਮ-ਅਭਿਆਸ ਵਿਚ ਜੁਟ ਜਾਂਦੇ ਸਨ। ਨੀਂਦ ਭੁੱਖ ਦਾ ਸਵਾਲ ਹੀ ਕੋਈ ਨਹੀਂ ਸੀ ਹੁੰਦਾ, ਸਰੀਰ ਹੌਲੇ ਫੁਲ ਹੋਏ ਹੁੰਦੇ ਅਤੇ ਇਉਂ ਮਲੂਮ ਹੁੰਦਾ ਜਿਵੇਂ ਹਵਾ ਵਿਚ ਉਡਦੇ ਉਡਣ-ਖਟੋਲੇ ਹੁੰਦੇ ਹਨ। ਕੀਰਤਨ ਦੀਆਂ ਇਹ ਗੂੰਜਾਂ ਕਈ ਕਈ ਦਿਨਾਂ ਤਕ ਕੰਨਾਂ ਵਿਚ ਗੂੰਜਦੀਆਂ ਰਹਿੰਦੀਆਂ।

ਨਾਰੰਗਵਾਲ ਤੋਂ ਵਿਦਾਇਗੀ ਦਾ ਨਜ਼ਾਰਾ ਵੀ ਇਕ ਅਲੌਕਿਕ ਦ੍ਰਿਸ਼ ਹੀ ਹੁੰਦਾ ਸੀ। ਸੰਗਤਾਂ ਨੂੰ ਵਿਦਾ ਕਰਨ ਲਈ ਭਾਈ ਸਾਹਿਬ ਜੀ ਨੇ ਪਿੰਡੋਂ ਬਾਹਰ ਕਿੰਨੀ ਦੂਰ ਤਕ ਨਾਲ ਆਉਣਾ। ਵੈਰਾਗ-ਉਛਾਲਿਆਂ ਵਿਚ ਨੇਤਰਾਂ ਵਿਚ ਜਲ ਭਰ ਭਰ ਕੇ, ਪ੍ਰੇਮ-ਗਲਵਕੜੀਆਂ ਵਿਚੋਂ ਮਸੇਂ ਮਸੇਂ ਸੰਗਤਾਂ ਤੋਂ ਵਖਰੇ ਹੋਣਾ ਅਤੇ ਫਿਰ ਨਿਉਂ ਨਿਉਂ ਜੁਹਾਰਾਂ ਕਰ ਕਰ, ਸਜਲ ਨੇਤਰੀਂ ਸੰਗਤਾਂ ਨੂੰ ਤੋਰਨਾ। ਭਾਈ ਸਾਹਿਬ ਨੇ ਦੂਰ ਤਕ ਸੰਗਤਾ ਨੂੰ ਜਾਂਦਿਆਂ ਤਕਦੇ ਰਹਿਣਾ ਅਤੇ ਜਦ ਤਕ ਸੰਗਤਾਂ ਨਜ਼ਰੋਂ ਓਹਲੇ ਨਾ ਹੋ ਜਾਣ, ਉਥੇ ਹੀ ਖੜੋਤੇ ਰਹਿਣਾ।

ਮਾਨਯਵਰ ਬਾਊ ਮਲ ਸਿੰਘ ਜੀ ਨਾਲ ਤਾਂ ਆਪ ਜੀ ਦਾ ਅਤਿ ਦਾ ਪਿਆਰ ਸੀ। ਉਨ੍ਹਾਂ ਨੂੰ ਵਿਦਾ ਕਰਨ ਸਮੇਂ ਆਪ ਜੀ ਦੇ ਪਿਆਰ-ਵਲਵਲੇ ਤਾ ਦੇਖਣ ਵਾਲੇ ਹੀ ਹੁੰਦੇ ਸਨ।

ਪਰ ਅਜ ਇਹ ਸਭ ਨਜ਼ਾਰੇ ਕੇਵਲ ਮਿੱਠੀਆਂ ਯਾਦਾਂ ਹੀ ਬਣ ਕੇ ਰਹਿ ਗਏ ਹਨ।

ਨੋਟ:-(੧) ਅੱਜ ਕਲ੍ਹ ਕੀਰਤਨ ਸਮਾਗਮਾਂ ਦੀ ਰੂਪ-ਰੇਖਾ ਹੀ ਹੋਰਹੁ ਹੋ ਗਈ ਹੈ। ਕੀਰਤਨੀਏ ਵੀਰ, ਕੇਵਲ ਕੀਰਤਨ ਸੁਣਾਉਣ ਦੀ ਰੋਲ ਲਾਉਣ ਲਈ ਹੀ ਪੁਜਦੇ ਹਨ ਅਤੇ ਜੇ ਕੁਝ ਘੜੀਆ ਬੈਠ ਵੀ ਜਾਣ ਤਾਂ ਚੁਪ ਚਾਪ ਤੇ ਗੁੰਮ-ਸੁੰਮ ਹੋਏ ਹੁੰਦੇ ਹਨ, ਜਿਵੇਂ ਕਿ ਹੁਣ ਉਨ੍ਹਾਂ ਨੂੰ ਕੀਰਤਨ ਵਿਚ ਬੋਲਣ ਤੇ ਸੁਣਨ ਵਿਚ ਕੋਈ ਅਨੰਦ ਹੀ ਨਹੀਂ ਰਹਿ ਗਿਆ।

(੨) ਬਿਨਾਂ ਰਸ-ਉਮਾਹੇ ਤੋਂ ਗੁਰ-ਮੰਤ੍ਰ ਜਾਪ ਦੀ ਪਰ-ਪਾਟੀ ਵੀ ਇਕ ਦਿਖਾਵਾ ਹੀ ਬਣਦੀ ਜਾ ਰਹੀ ਹੈ

(੩) ਚਲ ਰਹੇ ਅਖੰਡ ਨਿਰਬਾਣ ਕੀਰਤਨ ਦੇ ਦੌਰਾਨ ਕੀਰਤਨੀਆਂ ਦੀਆਂ ਰੌਲਾਂ ਸੁਣਾਉਣ ਦੇ ਅਤੇ ਹੋਰ ਹੋਰ ਐਲਾਨ, ਸ਼ਬਦ-ਰੌ ਨਾਲੋਂ ਟੁਟ ਕੇ ਨਿਰੀ ਮਨਮਤਿ ਤੇ ਹਉਮੈ ਦਾ ਪਸਾਰਾ ਹੀ ਹੈ।

---

## ਅਖੰਡ ਕੀਰਤਨੀ ਜਥਾ ਚਲਦਾ ਵਹੀਰ ਵਲੋਂ ਗੁਰਮਤਿ ਪ੍ਰਚਾਰ ਤੇ ਅੰਮ੍ਰਿਤ ਸਿੰਚਾਰ

**[ਸ਼ਹੀਦਾਂ ਦੇ ਸਸਕਾਰ ਅਸਥਾਨ ਤੇ ਰੈਣ ਸਬਾਈ ਤੇ ਅੰਮ੍ਰਿਤ-ਸਿੰਚਾਰ ੨੮ ਜੁਲਾਈ ਸ਼ਨੀਵਾਰ]**

**ਜ਼ਿਲਾ ਬਠਿੰਡਾ—ਜੁਲਾਈ** ੧ ਗੁ: ਦਮਦਮਾ ਸਾਹਿਬ ਸਾਹਬੋ ਕੀ ਤਲਵੰਡੀ, ੨ ਰਾਮਾ ਮੰਡੀ, ੩ ਮਾਨਸਾ, ੪ ਜੈਤੋ, ੫ ਦੋਦਾ ਪਿੰਡ, ੬ ਭੁੱਲਟ, ੭-੮ ਮੁਕਤਸਰ, ੯ ਸਿਖਾਂ ਵਾਲਾ, ੧੦ ਲੱਖੇ ਵਾਲੀ, ੧੧ ਤੋਂ ੧੫ ਚਨੂੰ ਪ੍ਰਿੰਡ ਬਲਾਕ ਲੰਬੀ ਲਾਗੇ ਗਿਦੜਵਾਹ ਰੋਡ(ਅਖੰਡਪਾਠ, ਰੈਣ ਸਬਾਈ ਕੀਰਤਨ ਤੇ ਲੋੜ ਅਨੁਸਾਰ ਅੰਮ੍ਰਿਤ ਸਿੰਚਾਰ),੧੬ ਵਾਪਸੀ ਅੰਮ੍ਰਿਤਸਰ

**ਜ਼ਿਲਾ ਅੰਮ੍ਰਿਤਸਰ**—ਜੁਲਾਈ ੧੭ ਗਿਲਾਂਵਾਲੀ, ੧੮ ਚੀਮਾ, ੧੯ ਤੋਂ ੨੨ ਭੱਗੂਪੁਰ ਸ਼ਹੀਦ ਰਘਬੀਰ ਸਿੰਘ ਦਾ ਪਿੰਡ (ਅਖੰਡਪਾਠ ਤੇ ਰੈਣ ਸਬਾਈ), ੨੩ ਤੋਂ ੨੭ ਦਾਸੂ ਵਾਲ ਤਸੀਲ ਪੱਟੀ (ਦੋ ਅਖੰਡ ਪਾਠ ਤੇ ਕੀਰਤਨ),੨੮ ਅੰਮ੍ਰਿਤਸਰ ਸ਼ਹੀਦਾਂ ਦਾ ਅਸਥਾਨ ਗੁ: ਸ੍ਰੀ ਰਾਮਸਰ ਦੇ ਸਾਹਮਣੇ ਰੈਣ ਸਬਾਈ ਕੀਰਤਨ, ੩੦-੩੧ ਮਾ: ਨਿਰੰਜਨ ਸਿੰਘ ਜੀ ਗੁਰਦਾਸ ਪੁਰ ਤੋਂ ਵੇਰਵਾ ਲਓ)।

ਨੋਟ:—ਪਿੰਡਾਂ ਵਿਚ ਸ਼ਾਮ ੭॥ ਤੋਂ ੧੧ ਅਤੇ ਸਵੇਰੇ ੫ ਤੋਂ ੮॥ ਤਕ ਪ੍ਰੋਗਰਾਮ ਹੋਣਗੇ। ਜਥਾ ਸ਼ਾਮ ਨੂੰ ਪਿੰਡ ਪੁਜੇਗਾ ਅਤੇ ਗੁਰਦੁਆਰੇ ਬਾਰੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਸੰਭਾਲ ਬਾਰੇ ਪੜਤਾਲ ਕਰੇਗਾ।

ਪੁਛ ਗਿਛ—(੧) ਮਾ: ਜਸਵੰਤ ਸਿੰਘ 542 ਈਸਟ ਮੋਹਨ ਨਗਰ ਅੰਮ੍ਰਿਤਸਰ। (੨) ਮਾ: ਨਿਰੰਜਨ ਸਿੰਘ, ਮੇਹਰ ਚੰਦ ਰੋਡ ਗੁਰਦਾਸ ਪੁਰ। (੩) ਮੈ: ਅਜੀਤ ਸਿੰਘ ਐਂਡ ਸਨਜ਼ ਬਜ਼ਾਜ਼, ਪੁਰਾਣਾ ਸੱਟਾ ਬਜ਼ਾਰ, ਬਠਿੰਡਾ। (੪) ਭਾਈ ਗੁਰਦੇਵ ਸਿੰਘ, 38/2 ਮਲੋਟ ਰੋਡ, ਮੁਕਤਸਰ। ਦਾਸਰੇ—ਅਖੰਡ ਕੀਰਤਨੀ ਜਥਾ ਅੰਮ੍ਰਿਤਸਰ—ਗੁਰਦਾਸਪੁਰ

www.AKJ.Org

# ਜੀਵਨ ਕਥਾ ਗੁਰੂ ਅਮਰਦਾਸ ਜੀ—(੪)

[ਵਲੋਂ—ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

## *ਗੋਬਿੰਦਵਾਲ ਗੋਬਿੰਦਪੁਰੀ ਸਮ—*

ਗੋਂਦੇ ਖਤਰੀ ਦਾ ਕਾਰਜ ਗੁਰੂ ਮੇਹਰ ਸਦਕਾ ਰਾਸ ਹੋਇਆ। ਉਸ ਨੇ ਆਪਣੀ ਜ਼ਮੀਨ ਵਿਚੋਂ ਕੁਝ ਟੋਟਾ ਗੁਰੂ ਨਮਿਤ ਅਰਪਨ ਕਰਨਾ ਸੁਖਿਆ ਹੋਇਆ ਸੀ। ਗੁਰੂ-ਚਰਨਾਂ ਵਿਚ ਹਾਜ਼ਰ ਹੋ ਕੇ ਗੋਂਦੇ ਨੇ ਬੇਨਤੀ ਕੀਤੀ :—

"ਪਾਤਸ਼ਾਹ! ਬਿਆਸ ਦੇ ਕੰਢੇ ਪਤਣ ਲਾਗੇ ਤੁਹਾਡੇ ਸੇਵਕ ਦੀ ਕੁਝ ਜ਼ਮੀਨ ਹੈ। ਮੇਰੀ ਲਾਲਸਾ ਹੈ ਕਿ ਆਪ ਜੀ ਉਸ ਨੂੰ ਆਪਣੀ ਚਰਨ-ਛੋਹ ਬਖ਼ਸ਼ੋ ਅਤੇ ਉਥੇ ਨਗਰੀ ਵਸਾਉਣ ਦੀ ਬਖ਼ਸ਼ਸ਼ ਕਰੋ, ਤਾਂ ਜੁ ਆਪ ਜੀ ਦੇ ਚਰਨਾਂ ਸਦਕਾ ਉਥੇ ਰੌਣਕ ਹੋ ਜਾਵੇ ਤੇ ਇਸ ਨਾਲ ਆਉਣ ਜਾਣ ਵਾਲੀ ਸਿਖ ਸੰਗਤ ਨੂੰ ਸੁਖ ਹੋ ਜਾਵੇ। ਜ਼ਮੀਨ ਜ਼ਰਾ ਕਰੜੀ ਹੈ। ਉਪਰੀਆਂ ਰੂਹਾਂ ਦਾ ਵਾਸਾ ਹੈ। ਨਾਲੇ ਮੇਰਾ ਸ਼ਰੀਕਾ ਮੇਰੇ ਨਾਲ ਖੁੰਣਸ ਖਾਂਦਾ ਹੈ ਤੇ ਵਸੋਂ ਦਾ ਵਿਰੋਧ ਕਰਦਾ ਹੈ। ਇਹ ਕਾਰਜ ਆਪ ਜੀ ਦੀ ਮਿਹਰ ਸਦਕਾ ਹੀ ਸਿਰੇ ਚੜ੍ਹ ਸਕਦਾ ਹੈ।"

ਤ੍ਰਿਕਾਲ-ਦਰਸੀ ਸਤਿਗੁਰੂ ਜਾਣਦੇ ਸਨ ਕਿ ਸ੍ਰੀ ਅਮਰਦਾਸ ਜੀ ਦੀ ਉਹਨਾਂ ਦੇ ਪੁਤਰਾਂ, ਦਾਸੂ ਜੀ ਅਤੇ ਦਾਤੂ ਜੀ ਵਲੋਂ ਵਿਰੋਧਤਾ ਕੀਤੀ ਜਾ ਰਹੀ ਹੈ ਤੇ ਇਸ ਵਿਰੋਧਤਾ ਦੇ ਕਾਰਨ ਉਹਨਾਂ ਦੇ ਖਡੂਰ ਰਹਿਣ ਵਿਚ ਕਾਫੀ ਮੁਸ਼ਕਲ ਪ੍ਰੇਸ਼ ਆਉਣ ਦੀ ਸੰਭਾਵਨਾ ਹੋ ਸਕਦੀ ਹੈ। ਸਾਰੇ ਪੱਖਾਂ ਨੂੰ ਵਿਚਾਰ ਕੇ ਹਜ਼ੂਰ ਨੇ ਸ੍ਰੀ ਅਮਰਦਾਸ ਜੀ ਨੂੰ ਆਗਿਆ ਕੀਤੀ ਕਿ ਗੋਂਦੇ ਨਾਲ ਜਾ ਕੇ ਨਗਰੀ ਦੀ ਉਸਾਰੀ ਕਰਾਉਣ।

ਸ੍ਰੀ ਅਮਰਦਾਸ ਜੀ ਅਜੇ ਥੋੜੇ ਦਿਨ ਪਹਿਲਾ ਹੀ ਬਾਸਰਕੇ ਤੋਂ ਵਾਪਸ ਖਡੂਰ ਆਏ ਸਨ। ਤਰਸਦਿਆਂ ਨੂੰ ਮਸਾਂ ਕੁਝ ਦਿਨ ਹੀ ਹਾਜ਼ਰੀ ਹਜ਼ੂਰੀ ਤੇ ਸੇਵਾ ਪ੍ਰਾਪਤ ਹੋਈ ਸੀ ਕਿ ਫਿਰ ਬਾਹਰ ਜਾਣ ਦੀ ਆਗਿਆ ਹੋ ਗਈ। ਸੁਣ ਕੇ ਕਲੇਜਾ ਕੰਬ ਗਿਆ, ਲੂੰ-ਕੰਡੇ ਹੋ ਗਏ, ਬੁੱਤ ਦੇ ਬੁੱਤ ਬਣ ਗਏ। ਸੋਚਣ ਲਗੇ, ਵਿਛੜ ਕੇ ਕਿਵੇਂ ਜੀਵਸਾਂ। ਫਿਰ ਦੁਨਿਆਵੀ ਕੰਮ-ਕਾਰ ਵਲ ਨਾ ਹੀ ਮੇਰੀ ਰੁਚੀ ਹੈ ਤੇ ਨਾ ਹੀ ਮੈਨੂੰ ਕੋਈ ਤਜਰਬਾ ਹੈ, ਨਗਰੀ ਦੀ ਉਸਾਰੀ ਦੇ ਏਡੇ ਵਡੇ ਕੰਮ ਵਿਚ ਮੈਥੋਂ ਕੀ ਸਰ ਆਏਗੀ। ਇਕ ਗੁਰੂ-ਦਰ ਤੋਂ ਵਿਛੋੜਾ, ਦੂਜਾ ਉਪਰੀਆਂ ਰੂਹਾਂ ਵਲੋਂ ਮਲੀ ਹੋਈ ਧਰਤੀ ਤੇ ਨਗਰੀ ਵਸਾਉਣ ਦਾ ਖਲਜਗਣ; ਕਿਧਰੇ ਗੁਰੂ-ਚਰਨਾਂ ਤੋਂ ਟੁਟ ਕੇ ਮਨ ਵਿਖੇਪਤਾ ਵਿਚ ਨਾ ਫਸ ਜਾਏ।

ਫਿਰ ਮਨ ਦੀ ਸੋਚਣੀ ਨੇ ਪਾਸਾ ਪਰਤਿਆ। ਗੁਰਮਤੀ ਸੋਚ ਸਫੁਰਨ ਹੋਈ। ਤ੍ਰਬਕ ਉਠੇ! ਓਹ! ਮੈਂ ਕਿਸ ਵਹਿਣ ਵਿਚ ਵਹਿ ਤੁਰਿਆ ਹਾਂ। ਮੈਂ ਕਉਣ ਹਾਂ ਬਪੜਾ ਸੇਵਾ ਕਰਨ ਵਾਲਾ। ਸਤਿਗੁਰੂ ਸਮਝਾਇਆ ਕਰਦੇ ਹਨ ਕਿ ਰਜ਼ਾ ਵਿਚ ਰਹਿਣਾ ਹੀ ਸਭ ਤੋਂ ਵਡੀ ਸੇਵਾ ਹੈ। ਰਜ਼ਾ ਦੇ ਮਾਲਕ ਸਤਿਗੁਰੂ ਜਿਹੜੀ ਸੇਵਾ ਬਖ਼ਸ਼ਦੇ ਹਨ ਅਤੇ ਜਿਵੇਂ ਆਗਿਆ ਕਰਦੇ ਹਨ, ਸਭ ਕਾਸੇ ਵਿਚ ਉਹਨਾਂ ਦੀ ਬਖ਼ਸ਼ਸ਼ ਹੀ ਬਖ਼ਸ਼ਸ਼ ਹੈ, ਉਹ ਆਪ ਕਰਨ ਕਰਾਉਣ ਜੋਗ ਹਨ। ਅਗੇ ਬਾਸਰਕੇ ਜਾਣ ਦੀ ਆਗਿਆ ਕੀਤੀ ਸਾਨੇ, ਪਰ ਨਾਲ ਹੀ ਇਹ ਬਖ਼ਸ਼ਸ਼ ਕਰ ਦਿਤੀਓ ਨੇ ਕਿ ਸਰੀਰਕ ਤੌਰ ਤੇ ਭਾਵੇਂ ਵਿਛੋੜਾ ਰਿਹਾ, ਪਰ ਸ਼ਬਦ ਦੁਆਰਾ ਅੰਤਰ-ਆਤਮੇ ਮਿਲਾਪ ਦੀ ਬਖ਼ਸ਼ਸ਼ ਕਰ ਕੇ ਠੰਡ ਵਰਤਾਈ ਰਖੀ। ਹੁਣ ਵੀ ਆਪੇ ਮੇਹਰ ਕਰਨਗੇ, ਸਹਾਈ ਹੋਣਗੇ। ਸੇਵਾਦਾਰ ਨੂੰ ਹਰ ਦਮ ਸੇਵਾ ਲਈ ਹਾਜ਼ਰ ਰਹਿਣ ਦੀ ਲੋੜ ਹੈ। ਜਿਹੜੀ ਸੇਵਾ ਵੀ ਮਿਲੇ, ਉਸ ਨੂੰ ਬਖ਼ਸ਼ਸ਼ ਸਮਝ ਕੇ ਝੋਲੀ ਪੁਆਵੇ।

ਸੋ ਹੱਥ ਜੋੜ ਕੇ ਬੇਨਤੀ ਕੀਤੀ—

"ਪਾਤਸ਼ਾਹ! ਮੈਂ ਨਿਗੁਣਾ ਤੇ ਨਿਕਾਰਾ



www.AKJ.Org

ਜਿਹਾ ਸੇਵਾਦਾਰ ਹਾਂ। ਮੇਰੇ ਵਿਚ ਕੋਈ ਯੋਗਤਾ ਨਹੀਂ। ਆਪ ਜੀ ਸਰਬ-ਕਲਾ ਸਮਰੱਥ ਹੋ ਅਤੇ ਸਰਬੱਗ ਹੋ। ਜਿਵੇਂ ਆਗਿਆ ਹੋਵੇ, ਦਾਸ ਹਾਜ਼ਰ ਹੈ। ਆਪ ਜੀ ਸਿਰ ਤੇ ਹੱਥ ਧਰੋ! ਮੇਹਰ ਕਰੋ, ਆਪ ਜੀ ਦੇ ਚਰਨਾਂ ਨਾਲ ਸਦਾ ਬਣ ਆਵੇ !!"

ਪਾਤਸ਼ਾਹ ਮੁਸਕਰਾਏ, ਮਿਹਰ ਦੀ ਨਜ਼ਰ ਨਾਲ ਨਿਹਾਲ ਕਰ ਦਿਤਾ ਸੇਵਕ ਨੂੰ। ਆਪਣੇ ਹਸਤ-ਕਵਲਾ ਨਾਲ ਛੱਟੀ ਪ੍ਰਦਾਨ ਕਰਦਿਆਂ ਫੁਰਮਾਇਆ :-

"ਪਰਮੇਸ਼ਰ ਤੁਹਾਡੇ ਸਦਾ ਅੰਗ ਸੰਗ ਹੈ। ਜਾ ਕੇ ਇਸ ਛੱਟੀ ਨਾਲ ਨਿਸ਼ਾਨ-ਦਹੀ ਦੇ ਦਿਓ, ਸਭ ਕਾਰਜ ਰਾਸ ਹੋ ਜਾਏਗਾ।"

ਸ਼ੁਕਰਾਨੇ ਵਿਚ ਦ੍ਰਵੀਭੂਤ ਹੋਏ ਸ੍ਰੀ ਅਮਰਦਾਸ ਜੀ ਨੇ ਬਖਸ਼ਸ਼ ਦੀ ਛੱਟੀ ਅਦਬ ਸਤਿਕਾਰ ਨਾਲ ਸਿਰ ਤੇ ਧਰ ਲਈ ਅਤੇ ਗੋਂਦੇ ਨਾਲ ਹੋ ਟੁਰੇ। ਭੈ-ਭਾਵਨੀ ਦੀ ਮੂਰਤ ਸ੍ਰੀ ਅਮਰਦਾਸ ਜੀ ਪਿਛਲੇ ਪੈਰੀਂ ਤੁਰਦੇ ਗਏ, ਤਾਂ ਜੁ ਗੁਰੂ ਪਾਤਸ਼ਾਹ ਵੱਲ ਉਨ੍ਹਾਂ ਦੀ ਪਿੱਠ ਨਾ ਹੋਵੇ।

ਜਾ ਕੇ ਗੁਰੂ-ਚਰਨਾਂ ਨਾਲ ਜੁੜ ਕੇ ਅਰਦਾਸ ਕੀਤੀ ਅਤੇ ਬਾਣੀ ਪੜ੍ਹਦਿਆਂ ਗੁਰੂ-ਆਗਿਆ ਅਨੁਸਾਰ ਨਿਸ਼ਾਨ ਲਗਾ ਦਿਤਾ। ਧਰਤੀ ਪ੍ਰਭੂ ਦੀ ਸਿਫਤ-ਸਲਾਹ ਦਾ ਸਦਕਾ ਪਵਿੱਤਰ ਹੋ ਗਈ ਅਤੇ ਸਭ ਰੁਕਾਵਟਾਂ ਕਾਫ਼ੂਰ ਹੋ ਗਈਆਂ। ਉਸਾਰੀ ਉਤਸ਼ਾਹ ਨਾਲ ਹੋਣ ਲਗੀ ਤੇ ਥੋੜੇ ਦਿਨਾਂ ਵਿਚ ਕਈ ਮਕਾਨ ਖੜੇ ਹੋ ਗਏ।

ਸਤਿਗੁਰੂ ਜੀ ਦੀ ਆਗਿਆ ਹੋਈ ਕਿ ਸ੍ਰੀ ਅਮਰ-ਦਾਸ ਪਰਵਾਰ ਨੂੰ ਬਾਸਰਕੇ ਤੋਂ ਗੋਇੰਦਵਾਲ ਲੈ ਆਉਣ ਤੇ ਇਥੇ ਆਪਣੇ ਕੋਲ ਰਖਣ। ਜਦੋਂ ਸ੍ਰੀ ਅਮਰਦਾਸ ਜੀ ਪਰਵਾਰ ਲਿਆਉਣ ਲਈ ਬਾਸਰਕੇ ਗਏ ਹੋਏ ਸਨ ਤਾਂ ਗੋਂਦੇ ਨੇ ਉਹਨਾਂ ਦੀ ਰਿਹਾਇਸ਼ ਲਈ ਮਕਾਨ ਦੀ ਉਸਾਰੀ ਕਰਵਾ ਦਿੱਤੀ। ਬੜਾ ਖੁਲ੍ਹਾ ਤੇ ਸੁੰਦਰ ਮਕਾਨ ਬਣਵਾਇਆ। ਜਦੋਂ ਆਪ ਵਾਪਸ ਮੁੜੇ ਤਾਂ ਮਕਾਨ ਦੇਖਦਿਆਂ ਹੀ ਸੋਚ-ਸਾਗਰ ਵਿਚ ਡੁਬ ਗਏ। ਮਨ ਵਿਚ ਸੰਕਲਪ ਉਠਿਆ, "ਅੱਗ ਲਗੇ ਸੇਵਕ ਦੇ ਅਜਿਹੇ ਵਸੇਬੇ ਨੂੰ, ਜੋ ਮਾਲਕ ਦੇ ਘਰ ਨਾਲੋਂ ਵਧਵਾਂ ਹੋਵੇ।" ਸਾਰੇ ਦੰਗ ਰਹਿ ਗਏ, ਮਲੋ ਮਲੀ ਵਿਚ ਮਕਾਨ ਨੂੰ ਅੱਗ ਲੱਗ ਗਈ, ਜੋ ਛੇਤੀ ਹੀ ਬੁਝਾ ਦਿਤੀ ਗਈ, ਪਰ ਕੁਝ ਕੜੀਆਂ ਸੜ ਗਈਆਂ ਤੇ ਮਕਾਨ ਡਿੱਗ ਪਿਆ। ਆਪ ਜੀ ਦੀ ਆਗਿਆ ਅਨੁਸਾਰ ਅੱਧ-ਸੜੀਆਂ ਕੜੀਆਂ ਨਾਲ ਫਿਰ ਉਥੇ ਥੋੜੇ ਦਿਨਾਂ ਵਿਚ ਸਾਦਾ ਜਿਹਾ ਮਕਾਨ ਉਸਾਰਿਆ ਗਿਆ, ਜਿਥੇ ਆਪ ਜੀ ਨੇ ਪਰਵੇਸ਼ ਕੀਤਾ।

ਸੱਚੇ ਸਿਖਾਂ ਅੰਦਰ ਸਦਾ ਹੀ ਇਹ ਭਾਵਨਾ ਰਹੀ ਹੈ ਕਿ ਉਹਨਾਂ ਪਾਸ ਜੋ ਵੀ ਸਭ ਤੋਂ ਵਧੀਆ ਵਸਤੂ ਹੋਵੇ, ਉਹ ਆਪਣੇ ਜੀਵਨ-ਅਧਾਰ ਸਤਿਗੁਰੂ ਜੀ ਨੂੰ ਅਰਪਨ ਕਰ ਕੇ ਮਨ ਦੀ ਰੀਝ ਪੂਰੀ ਕਰਨ। ਸਿਖ ਇਤਿਹਾਸ ਵਿਚ ਅਜਿਹੀਆਂ ਕਈ ਮਿਸਾਲਾਂ ਹਨ ਕਿ ਜਦੋਂ ਕਿਸੇ ਸਿਖ ਨੂੰ ਕੋਈ ਚੀਜ਼ ਵਧੀਆ ਲਗੀ ਤਾਂ ਉਸ ਨੂੰ ਆਪ ਅੰਗੀਕਾਰ ਕਰਨ ਦੀ ਬਜਾਏ ਸਤਿਗੁਰਾਂ ਦੇ ਭੇਟ ਕਰ ਦਿਤਾ।

ਦੁੱਖ ਦੀ ਗੱਲ ਹੈ ਕਿ ਜਿਨ੍ਹਾਂ ਸੱਜਣਾਂ ਨੇ ਅੱਜ ਕਲ੍ਹ ਆਪਣੇ ਘਰਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਵਾਰਾ ਰੱਖਿਆ ਹੋਇਆ ਹੈ ਉਹਨਾਂ ਵਲੋਂ ਇਸ ਲਈ ਆਪਣੀ ਕੋਠੀ ਜਾਂ ਮਕਾਨ ਦਾ ਬਚਿਆ ਖੁਚਿਆ ਸਥਾਨ ਹੀ ਕੱਢਿਆ ਹੋਇਆ ਹੈ। ਕਿਸੇ ਨੇ ਗਿਰਾਜ ਵਿਚ ਪ੍ਰਕਾਸ਼ ਕੀਤਾ ਹੋਇਆ ਹੈ, ਕਿਸੇ ਨੇ ਪਉੜੀਆਂ ਥਲੇ ਬੱਚੀ ਜਗ੍ਹਾ ਵਿਚ। ਇਸ ਭਾਵਨਾ-ਹੀਣ ਸਥਿਤੀ ਕਾਰਨ ਹੀ ਅਸੀਂ ਗੁਰੂ ਪਾਤਸ਼ਾਹ ਤੋਂ ਕੁਝ ਪ੍ਰਾਪਤ ਨਹੀਂ ਕਰ ਰਹੇ।

ਗੋਂਦੇ ਦੇ ਨਾਮ ਉਤੇ ਇਸ ਦਾ ਨਾਮ ਗੋਇੰਦ-ਵਾਲ ਰਖਿਆ ਗਿਆ,ਪਰ ਨਾਮ ਬਾਣੀ ਦੇ ਦਿਨ ਰਾਤ ਨਿਰੰਤਰ ਪ੍ਰਵਾਹ ਦੀ ਤੁਫੈਲ ਗੋਬਿੰਦ ਦੀ ਪੁਰੀ ਬਣ ਗਿਆ। ਗੋਇੰਦਵਾਲ ਰਹਿੰਦੇ ਹੋਏ ਸ੍ਰੀ ਅਮਰਦਾਸ ਜੀ ਹਰ-ਦਮ ਨਾਮ ਸਿਮਰਨ ਦੀ ਬਰਕਤ ਨਾਲ ਅੰਤਰ ਆਤਮੇ ਸਤਿਗੁਰੂ ਜੀ ਨਾਲ ਜੁੜੇ ਰਹਿੰਦੇ ਤੇ ਜਦੋਂ ਦਰਸ਼ਨਾਂ ਲਈ ਵੇਗ ਪ੍ਰਬਲ ਹੋ ਜਾਂਦਾ ਤਾਂ ਖਡੂਰ ਜਾ ਕੇ ਦਰਸ਼ਨ-ਪਿਆਸ ਬੁਝਾ ਆਉਂਦੇ। ਕਈ ਵਾਰੀ ਪਿਆਰ-ਖਿਚ ਦੇ ਖਿਚੇ ਹੋਏ ਸ੍ਰੀ ਗੁਰੂ ਅੰਗਦ ਦੇਵ ਜੀ ਖ਼ੁਦ ਗੋਇੰਦਵਾਲ ਆ ਜਾਂਦੇ ਤੇ

www.AKJ.Org

ਪ੍ਰੇਮੀਆਂ ਦੇ ਚਿਤ ਆ ਠਾਰਦੇ । ਇਥੇ ਦੀ, ਸ੍ਰੀ ਅਮਰਦਾਸ ਜੀ ਦੇ ਸਤਿਗੁਰਾਂ ਪ੍ਰਤੀ ਅਦਬ-ਸਤਿਕਾਰ ਸਬੰਧੀ ਇਕ ਵਚਿਤਰ ਸਾਖੀ ਇਤਿਹਾਸ ਵਿਚ ਮਿਲਦੀ ਹੈ । ਇਕ ਵਾਰੀ ਗੋਇੰਦਵਾਲ ਤੋਂ ਖਡੂਰ ਵਿਦਾਇਗੀ ਸਮੇਂ ਸ੍ਰੀ ਅਮਰਦਾਸ ਜੀ ਸਤਿਗੁਰਾਂ ਦੇ ਸੰਗ ਸਾਥ ਜਾ ਰਹੇ ਸਨ । ਸ੍ਰੀ ਅਮਰਦਾਸ ਜੀ ਦੀ ਖੱਬੀ ਬਾਂਹ ਟੁਰਦਿਆਂ ਟੁਰਦਿਆਂ ਹਿਲਦੀ ਹੋਈ ਇਕ ਦੋ ਵਾਰੀ ਸਤਿਗੁਰਾਂ ਤੋਂ ਅਗੇ ਹੋ ਗਈ । ਇਹ ਸੋਚ ਕੇ ਕਿ ਇਸ ਤਰ੍ਹਾਂ ਗੁਰੂ ਪਾਤਸ਼ਾਹ ਦੀ ਬੇਅਦਬੀ ਹੋਈ ਹੈ, ਬਾਂਹ ਛਾਤੀ ਨਾਲ ਲਾ ਲਈ । ਅੰਤਰਜਾਮੀ ਸਤਿਗੁਰੂ ਸੇਵਕ ਦੀ ਭੈ-ਭਾਵਨੀ ਨੂੰ ਜਾਣ ਗਏ ਤੇ ਬਚਨ ਕੀਤਾ, "ਪੁਰਖਾ ! ਇਸ ਬਾਹ ਨੇ ਕੁਝ ਨਹੀਂ ਵਿਗਾੜਿਆ । ਇਸ ਨੇ ਪਰਉਪਕਾਰ ਹਿੱਤ ਬਹੁਤ ਕੰਮ ਕਰਨਾਂ ਹੈ, ਇਸ ਨੂੰ ਸਜ਼ਾ ਦੇਣਾ ਉਚਿਤ ਨਹੀਂ ।"

ਪਿਆਰ ਨਾਲ ਸ੍ਰੀ ਅਮਰਦਾਸ ਜੀ ਨੂੰ ਗਲੇ ਲਾਇਆ ਤੇ ਆਪਣੇ ਕਰ-ਕਮਲਾਂ ਨਾਲ ਬਾਂਹ ਥੱਲੇ ਲਾਹੀ ।

[ਚਲਦਾ

# ਅਖੰਡ ਕੀਰਤਨੀ ਜਥਾ—ਹਿਸਾਬ ਕਿਤਾਬ

## *ਸ਼ਹੀਦੀ ਫੰਡ*- ਆਮਦਨ

| | |
|---|---|
| ਸ: ਹਰਭਜਨ ਸਿੰਘ ਕਵਰਜੀਤ ਸਿੰਘ ਦਸਮੇਸ਼ ਮਾਰਕੀਟ ਪਟਨਾ ਸਿਟੀ | ੫੦੦-੦ |
| ਮਿਸਤ੍ਰੀ ਹਰਭਜਨ ਸਿੰਘ ਜੀ ਫਤੋਂਵਾਲ | ੨੨-੦ |
| ਸ: ਹਰਸੇਵ ਸਿੰਘ ਸੈਨੀ ਨਵੀਂ ਦਿਲੀ | ੧੧-੦ |
| W.O· Sidhu ਚੰਡੀਗੜ੍ਹ | ੧੦੦-੦ |
| ਅਖੰਡ ਕੀਰਤਨੀ ਜਥਾ ਦਿਲੀ | ੧੦੧-੦ |
| ਸ: ਭਗਵੰਤ ਸਿੰਘ ਜੀ ਬੰਬੇ | ੧੦ -੦ |
| ਸ: ਗੁਰਬਖਸ਼ ਸਿੰਘ ਸਿਵੀਆ ਯੂ. ਕੇ. | ੪੮-੬੦ |
| ਅਖੰਡ ਕੀਰਤਨੀ ਜਥਾ ਗੋਰਖਪੁਰ | ੫੦-੦ |
| ਭਾਈ ਗੁਰਦੇਵ ਸਿੰਘ ਜੀ ਆਗਰਾ | ੧੧-੦ |
| ਸ: ਸ਼ੇਰ ਸਿੰਘ ਜੀ ਸਿਵੀਆ, ਮੋਗਾ | ੫੫-੦ |
| ਮਾਰਫਤ ਸੂਰਾ ਚਿਟ ਨੰ: ੩੦੭੦ | ੫੦-੦ |
| ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਬਠਿੰਡਾ | ੫੦੦-੦ |
| ਸ:ਇਕਬਾਲ ਸਿੰਘ ਜੰਡਿਆਲਾ(ਜਲੰਧਰ) | ੨੫-੦ |
| W O ਮਾਨ ਸਿੰਘ ਜੀ, ਬਾਗ ਡੋਗਰਾ | ੨੧-੦ |
| Cpl· ਸੋਹਨ ਸਿੰਘ ਜੀ ,, | ੨੧-੦ |
| Cpl. ਕਸ਼ਮੀਰਾ ਸਿੰਘ ਜੀ ,, | ੨੧-੦ |
| Cpl. ਕੁਲਵੰਤ ਸਿੰਘ ਜੀ ,, | ੨੫-੦ |
| ਭਾਈ ਮੇਵਾ ਸਿੰਘ ਜੀ ,, | ੩੫-੦ |
| Cpl· ਬਲਵੰਤ ਸਿੰਘ ਜੀ ,, | ੩੫-੦ |
| ਅਖੰਡ ਕੀਰਤਨੀ ਜਥਾ ਭੁਪਾਲ | ੧੨੫-੦ |
| ਬੀ: ਸੁਰਿੰਦਰ ਕੌਰ ਖਾਲਸਾ ਲੇਹ ਲਦਾਖ | ੨੫-੦ |
| ਗਪਤ, ਅੰਮ੍ਰਿਤਸਰ | ੫੦-੦ |
| ਸ: ਦਲਜੀਤ ਸਿੰਘ ਦਿਉਲ ਪ੍ਰਾਸਪੈਕਟ U.S.A. | ੪੦੦-੮੪ |
| ਪੰਜਾਬ ਸਿੰਧ ਬੈਂਕ ਤੋਂ ਛਿਮਾਹੀ ਸੂਦ | ੭੧੧-੫੫ |
| ਅਖੰਡ ਕੀਰਤਨੀ ਜੱਥਾ ਡੰਕਨ ਕੈਨੇਡਾ | ੧੦੦੦-੦ |
| ਪ੍ਰੋ: ਗਿਆਨ ਸਿੰਘ ਬਸਰਾ, ਜਲੰਧਰ | ੨੦-੦ |
| ਸ: ਸਾਧੂ ਸਿੰਘ ਜੀ Vernon ਕੈਨੇਡਾ | ੧੦੬-੫੦ |
| ਜੋੜ | ੪੧੬੧-੪੯ |

| | |
|---|---|
| ਖਰਚ—ਸਟੇਸ਼ਨਰੀ | ੩-੭੦ |
| ਅਖ਼ਬਾਰਾਂ | ੨੨-੦੦ |
| ਡਾਕ ਖਰਚ | ੯-੦੫ |
| ਜੋੜ | ੩੪-੭੫ |

ਕੈਸ਼ ਹੋਣ ਵਾਲੇ ੩੦ ਡਾਲਰ ਅਤੇ ੩੦ ਪੌਂਡ

## *ਕੇਂਦਰੀ ਫ਼ੰਡ*—ਆਮਦਨ

| | |
|---|---|
| ਭਾ: ਈਸ਼ਰਸਿੰਘ ਜੀ ਸਮਾਗਮ ਦਾ ਚੜ੍ਹਾਵਾ | ੨੫-੦ |
| ਗਿ: ਗੁਰਬਚਨ ਸਿੰਘ,ਬੱਚੀ ਦੇ ਮੰਗਣੇ ਸਮੇਂ | ੧੮-੦ |
| ਅਖੰਡ ਕੀਰਤਨੀ ਜੱਥਾ ਹੁਸ਼ਿਆਰਪੁਰ | ੧੦੧-੦ |
| ਸ: ਸੰਤੋਖਸਿੰਘ ਕਾਲਕਾਜੀ ਨਵੀਂ ਦਿਲੀ | ੧੦੧-੦ |
| ਸੰਗਤ ਵੈਸਟ ਜ਼ੋਨ ਕਾਲੋਨੀਜ਼ ਦਿਲੀ | ੯੩-੦ |
| ਸ: ਕੁਲਦੀਪ ਸਿੰਘ ਖਾਲਸ਼ਾ ਲੇਹ ਲਦਾਖ | ੧੧-੦ |
| ਬੈਂਕ ਸੂਦ | ੭-੪੭ |
| ਜੋੜ | ੩੫੬-੪੭ |
| ਪਿਛਲੀ ਬਾਕੀ | ੩[illegible]੪੦-੩੯ |
| ਬਾਕੀ | ੩੯੯੬-੮੬ |

ਮਿਤੀ ੨੬. ੬. ੭੯ ਦਾਸਰਾ—ਰਾਮ ਸਿੰਘ (ਜਥੇਦਾਰ)

ਅਖੰਡ ਕੀਰਤਨੀ ਜਥਾ ਕੇਂਦਰੀ ਦਫਤਰ,
ਬਜ਼ਾਰ ਮਾਂਈ ਸੇਵਾਂ, ਅੰਮ੍ਰਿਤਸਰ ।

www.AKJ.Org

## 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਹੇਠ ਲਿਖੇ ਮੈਂਬਰਾਂ ਦੇ ਸੌ ਸੌ ਰੁਪਏ ਪੁਜੇ ਹਨ। ਸਭ ਦੇ ਨਾਵਾਂ ਦੀਆਂ ਬੈਂਕ ਵਿਚੋਂ ਬਣਵਾਈਆਂ ਐਫ ਡੀਆਂ ਦੇ ਨੰਬਰ ਇਸ ਤਰ੍ਹਾਂ ਹਨ—

| | | | |
|---|---|---|---|
| 514. ਸ: ਹਰਮਹਿੰਦਰ ਸਿੰਘ ਜੈਪੁਰ | (ਚਿਟ ਨੰ: 3514) | 986103/554/79 | ਮਿਤੀ 21-6-79 |
| 515. ਸ: ਤਾਰਾ ਸਿੰਘ ਹਰਭਜਨ ਸਿੰਘ | ( ,, ,, 3515) | 986104/555/79 | ,, |
| 516. ਸ: ਅਜੀਤ ਸਿੰਘ S/O ਸ. ਲਾਭ ਸਿੰਘ | ( ,, ,, 3516) | 986105/556/79 | ,, |
| 517. ਸ: ਅਮਰਜੀਤ ਸਿੰਘ ਬਿੰਦਰਾ | ( ,, ,, 3517) | 986106/557/79 | ,, |
| 518. ਸ: ਬੀ. ਐਸ. ਵਰਮਾਨੀ | ( ,, ,, 3518) | 986107/558/79 | ,, |
| 519. ਸ: ਜੋਗਿੰਦਰ ਸਿੰਘ ਬਲਰਾਮ ਪੁਰ | ( ,, ,, 3519) | 986108/559/79 | ,, |
| 520. ਬੀਬੀ ਜਤਿੰਦਰ ਕੌਰ ਜੀ ਬੰਬਈ | ( ,, ,, 3520) | 986109/560/79 | ,, |
| 521. ਸ: ਹਰਬੰਸ ਸਿੰਘ ਐਂਡ ਸੰਨ | ( ,, ,, 3521) | 986110/561/79 | ,, |
| 522. ਬੀਬੀ ਰਾਮ ਪਿਆਰੀ ਟੀਚਰੈੱਸ | ( ,, ,, 3522) | 986111/562/79 | ,, |
| 523. ਸ: ਅਮਰਜੀਤ ਸਿੰਘ ਖਾਲਸਾ | ( ,, ,, 3523) | 986112/563/79 | ,, |
| 524. ਸਕੱਤਰ ਗੁਰੂ ਨਾਨਕ ਲਾਇਬ੍ਰੇਰੀ ਨੱਥੂਵਾਲਾ ਜਦੀਦ | ( ,, ,, 3524) | 986120/571/79 | ਮਿਤੀ 26-6-79 |

## ਅਮਾਨਤੀ ਲਾਈਫ਼ ਮੈਂਬਰ ਪ੍ਰਦੇਸ ਲਈ ਰੇਟ

ਯੂ. ਕੇ. ਅਫਰੀਕਾ ਆਦਿ 655/-    ਅਰਬ ਮਲਾਇਆ ਆਦਿ 500/-    ਕੈਨੇਡਾ ਅਮਰੀਕਾ 750/-

ਨੋਟ :—ਜੇ ਕੋਈ ਸਜਣ ਅਮਾਨਤੀ ਲਾਈਫ਼ ਮੈਂਬਰ ਦੀ ਰਕਮ ਪੰਜ ਸਾਲ ਤੋਂ ਪਹਿਲਾਂ ਵਾਪਸ ਲੈਣੀ ਚਾਹੇ ਤਾਂ ਸੂਦ ਵਿਚੋਂ ਬੈਂਕ ਜੋ ਕਟੌਤੀ ਕਰਦਾ ਹੈ ਉਹ ਉਸ ਰਕਮ ਵਿਚੋਂ ਕਟੀ ਜਾਏਗੀ।

---

## ਭਾਗੋ ਕੀ ਵਸਤੀ (ਜੀਰਾ) ਵਿਖੇ ਰੈਣ ਸਬਾਈ ਕੀਰਤਨ

ਸ: ਬਲਵੰਤ ਸਿੰਘ ਜੀ ਖਾਲਸਾ ਇਤਲਾਹ ਦਿੰਦੇ ਹਨ ਕਿ ੨੧ ਜੁਲਾਈ ਸ਼ਨੀਵਾਰ ਦੀ ਰਾਤ ਨੂੰ ਗੁਰਦਵਾਰਾ ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਗੋ ਕੀ ਵਸਤੀ, ਤਸੀਲ ਜੀਰਾ ਜ਼ਿਲਾ ਫਿਰੋਜ਼ਪੁਰ ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸਮੂਹ ਗੁਰੂ ਪਿਆਰੇ ਦਰਸ਼ਨ ਦੇਣ ਤੇ ਆਪਣਾ ਜਨਮ ਸਫਲ ਕਰਨ ਜੀ। ਇਹ ਅਸਥਾਨ ਮਲਾਂਵਾਲਾ ਖਾਸ ਤੋਂ ਜੀਰਾ ਵਾਲੀ ਸੜਕ ਤੇ ਹੈ। ਮਲਾਂਵਾਲਾ ਤੋਂ ਸਾਢੇ ਛੇ ਵਜੇ ਸ਼ਾਮ ਟਰਾਲੀ ਚਲੇਗੀ।

---

**ਰਿਸ਼ਤੇ ਨਾਤੇ**—ਲੋੜਵੰਦ ਸਜਣ ਚਿੱਠੀ 'ਸੂਰਾ' ਮਾਸਕ ਪੱਤਰ ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ ਨੂੰ ਲਿਖਣ ਅਤੇ ਲਫਾਫ਼ੇ ਦੇ ਬਾਹਰ ਫ਼ਾਰਮ ਨੰਬਰ ਜ਼ਰੂਰ ਲਿਖਣ। ਕੇਵਲ ਅੰਮ੍ਰਿਤਧਾਰੀ ਬੱਚਿਆਂ ਲਈ ਹੀ ਚਿਠੀ ਪੱਤਰ ਕਰੋ।

ਫ਼ਾਰਮ ਨੰ 91 ਇਕ 26 ਸਾਲਾ ਅੰਮ੍ਰਿਤਧਾਰੀ ਬਿਬੇਕੀ ਸਿੰਘ—ਵਿਦਿਆ ਬੀ.ਐਸ.ਸੀ., ਬੀ.ਐਡ. ਅਤੇ ਕਦ 5'-10" ਪੱਕੀ ਸਰਕਾਰੀ ਨੌਕਰੀ, ਸਾਇੰਸ ਮਾਸਟਰ, ਤਨਖਾਹ 700/- ਰੁਪਏ, ਜ਼ਿਮੀਦਾਰ ਪ੍ਰਵਾਰ ਲਈ ਯੋਗ ਸਿੰਘਣੀ ਦੀ ਲੋੜ ਹੈ।

ਫ਼ਾਰਮ ਨੰ: 92 ਇਕ ਅੰਮ੍ਰਿਤਧਾਰੀ ਵਿਧਵਾ,(ਸੰਤਾਨ ਰਹਿਤ),ਬੀ. ਏ. ਪਾਸ,ਉਮਰ 26-27 ਸਾਲ, ਘਰ ਦੇ ਕੰਮ ਕਾਜ ਵਿਚ ਸੁਘੜ,ਵਰਨ ਯੋਗ ਬੱਚੀ ਲਈ ਯੋਗ ਗੁਰਸਿਖ ਵਰ ਦੀ ਲੋੜ ਹੈ।

www.AKJ.Org

# ਭਾ: ਸਾ: ਭਾਈ ਰਣਧੀਰ ਸਿੰਘ ਜੀ ਜਨਮ-ਸ਼ਤਾਬਦੀ ਸਮਾਗਮ

## ਲੁਧਿਆਣੇ 5 ਜੁਲਾਈ ਵੀਰਵਾਰ ਸਵੇਰ ਤੋਂ 8 ਜੁਲਾਈ 1979 ਐਤਵਾਰ ਸਵੇਰ ਤਕ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਨਿਸ਼ਕਾਮ ਕੁਰਬਾਨੀ, ਅਡੋਲ ਦ੍ਰਿੜ੍ਹਤਾ ਅਤੇ "ਕਲਜੁਗ ਮਹਿ ਕੀਰਤਨੁ ਪ੍ਰਧਾਨਾ" ਦੀ ਅਦੁਤੀ ਸੇਵਾ ਘਾਲਣਾ ਤੇ ਲੇਖਣੀ ਤੋਂ ਪ੍ਰੇਰਤ ਤੇ ਪ੍ਰਭਾਵਤ ਹੋ ਕੇ ਹਜ਼ਾਰਾਂ ਹੀ ਪ੍ਰਾਣੀਆਂ ਨੇ ਖੰਡੇ ਦਾ ਅੰਮ੍ਰਿਤ ਪਾਨ ਕੀਤਾ ਅਤੇ ਤਿਆਰ-ਬਰ-ਤਿਆਰ ਹੋ ਕੇ ਜਨਮ ਸਫਲਾ ਕੀਤਾ। ਭਾਈ ਸਾਹਿਬ ਜੀ ਦਾ ਜਨਮ-ਸ਼ਤਾਬਦੀ ਦਾ ਸਮਾਗਮ ਬੜੀ ਧੂਮ ਧਾਮ ਨਾਲ ਗੁ: ਸ੍ਰੀ ਗੁਰੂ ਸਿੰਘ ਸਭਾ / ਗੁਰੂ ਨਾਨਕ ਗਰਲਜ਼ ਕਾਲਜ ਮਾਡਲ ਟਾਊਨ ਲੁਧਿਆਣਾ ਵਿਖੇ ਹੇਠ ਲਿਖੇ ਅਨੁਸਾਰ ਮਨਾਇਆ ਜਾ ਰਿਹਾ ਹੈ –

੫ ਜੁਲਾਈ ਸਵੇਰੇ ੪ ਤੋਂ ੭-੩੦ ਕੀਰਤਨ ਆਸਾ ਦੀ ਵਾਰ, ਉਪਰੰਤ ਅਰੰਭ ਸ੍ਰੀ ਅਖੰਡਪਾਠ
ਸ਼ਾਮ ੮ ਤੋਂ ੯-੩੦ ਸੋਦਰ ਦੀ ਚੌਕੀ ਤੇ ਅਖੰਡ ਕੀਰਤਨ
੬ ਜੁਲਾਈ ਸਵੇਰੇ ੫ ਤੋਂ ੧੦-੦੦ ਕੀਰਤਨ ਆਸਾ ਦੀ ਵਾਰ
ਸ਼ਾਮ ੮ ਤੋਂ ੯-੩੦ ਸੋਦਰ ਦੀ ਚੌਕੀ ਤੇ ਅਖੰਡ ਕੀਰਤਨ
੭ ਜੁਲਾਈ ਸਵੇਰੇ ੫ ਵਜੇ ਭੋਗ ਸ੍ਰੀ ਅਖੰਡਪਾਠ, ਉਪਰੰਤ ਦੁਪਹਿਰ ਤਕ ਅਖੰਡ ਕੀਰਤਨ
ਸ਼ਾਮ ੪ ਵਜੇ ਅਰੰਭ ਅੰਮ੍ਰਿਤ ਸਿੰਚਾਰ
ਰਾਤ ੩ ਵਜੇ ਸੋਦਰ ਉਪਰੰਤ ਰੈਣ ਸਬਾਈ ਕੀਰਤਨ
੮ ਜੁਲਾਈ ਸਵੇਰ ੭ ਵਜੇ ਸਮਾਪਤੀ ਰੈਣ ਸਬਾਈ, ੧੦ ਵਜੇ ਤਕ ਭਾਈ ਸਾਹਿਬ ਜੀ ਦੇ ਜੀਵਨ ਤੇ ਵਿਚਾਰਾਂ

ਦਰਸ਼ਨ ਅਭਿਲਾਖੀ–ਭਾਈ ਸਾਹਿਬ ਰਣਧੀਰ ਸਿੰਘ ਜਨਮ ਸ਼ਤਾਬਦੀ ਕਮੇਟੀ, ੧੨੬ ਮਾਡਲ ਟਾਊਨ, ਲੁਧਿਆਣਾ

---

## ਤਪੋਬਨ ਕੁਮਾਰ ਹੱਟੀ ਵਿਖੇ ਅਖੰਡ ਕੀਰਤਨ ਸਮਾਗਮ

ਭਾਈ ਆਤਮਾ ਸਿੰਘ ਜੀ ਪੰਜੋਖਰਾ ਸਾਹਿਬ ਸੂਚਨਾ ਦਿੰਦੇ ਹਨ ਕਿ ਭਾਈ ਸਾਹਿਬ ਰਣਧੀਰ ਜੀ ਦੀ ਯਾਦ ਵਿਚ ਉਨ੍ਹਾਂ ਦੇ ਗ੍ਰੀਖਮ-ਰੁਤੀ ਤਪ - ਅਸਥਾਨ ਕੁਮਾਰਹੱਟੀ ਵਿਖੇ ੨੨ ਜੁਲਾਈ ੧੯੭੯ ਐਤਵਾਰ ਨੂੰ ਅੰਮ੍ਰਿਤ ਵੇਲੇ ਤੋਂ ਦੁਪਹਿਰ ਤਕ ਅਖੰਡ ਕੀਰਤਨ ਸਮਾਗਮ ਹੋਣਗੇ। ਸਮੂਹ ਸੰਗਤਾਂ ਹਾਜ਼ਰੀਆਂ ਭਰ ਕੇ ਲਾਭ ਪ੍ਰਾਪਤ ਕਰਨ।

---

## ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | | | |
|---|---|---|---|---|---|
| ਜੇਲ੍ਹ ਚਿਠੀਆਂ (ਨਵੇਂ ਰੂਪ ਵਿਚ) | ੧੨-੫੦ | ਅਣਡਿਠੀ ਦੁਨੀਆ | ੬-੨੫ | ਰੰਗਲੇ ਸਜਣ | ੪-੦੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ (,,) | ੫-੫੦ | ਗੁਰਮਤਿ ਬਿਬੇਕ | ੭-੫੦ | ਗੁਰਮਤਿ ਸੱਚ ਨਿਰਣੇ | ੬-੦੦ |
| ਗੁਰਮਤਿ ਵਿਚਾਰ (,,) | ੫-੫੦ | ਝਟਕਾ ਮਾਸ ਪ੍ਰਥਾਇ ਨਿਰਣੈ | | | ੩-੦੦ |
| ਗੁਰਮਤਿ ਲੇਖ (,,) | ੫-੫੦ | ਗੁਰਮਤਿ ਅਨਹਦ ਸਬਦ | | | ੦-੨੫ |
| ਗੁਰਮਤਿ ਪ੍ਰਕਾਸ਼ (,,) | ੩-੭੫ | ਉਮਰ ਕੈਦੀ ਦਾ ਸੁਪਨਾ | | | ੦-੪੦ |
| ਸਬਦੁ ਗੁਰ ਪੀਰਾ | ੦-੪੦ | ਅਦ੍ਰਿਸ਼ਟ [illegible]ਾਹਿਗੁਰੂ ਦੇ ਪਰਤੱਖ ਦਰਸ਼ਨ | | | ੦-੩੫ |
| ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ੦-੨੫ | ਤਿਮ[illegible] ਅਗਿਆਨ ਤੋਂ ਚਾਨਣਾ | | | ੦-੨੫ |
| ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੦-੪੦ | [illegible]ਤ ਕੀ ਹੈ | — — | ਅੰਮ੍ਰਿਤ ਕਲਾ | ੦-੫੦ |
| ਗੁਰਬਾਣੀ ਦੀ ਪਾਰਸ-ਕਲਾ | ੦-੪੦ | ਸਿੰਘਾਂ ਦਾ ਪੰਥ ਨਿਰਾਲਾ | | | ੦-੫੦ |
| ਗੁਰਮਤਿ ਰਮਜ਼ਾਂ | ੧-੩੦ | ਸੱਚੀਆਂ ਦਾੜ੍ਹੀਆਂ | ੦-੩੦ | ਵਾਹਿਗੁਰੂ ਸਿਮਰਨ | ੦-੩੦ |
| ਕੀ ਕੇਸ ਰਖਣੇ ਜ਼ਰੂਰੀ ਹਨ ? | ੦-੩੦ | ਬਾਬਾ ਵੈਦ ਰੋਗੀਆਂ ਦਾ | | | ੦-੩੦ |
| ਜੀਵਨ ਚਰਿਤਰ ਭਾ: ਸਾਹਿਬ ਰਣਧੀਰ ਸਿੰਘ ਜੀ | ੧-੦੦ | ਸਚਖੰਡ ਦਰਸ਼ਨ | | | ੧-੫੦ |

ਮੈਨੇਜਰ, 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ

www.AKJ.Org